1920 ਤੋਂ

ਜਿਲਦ 105
ਨੰਬਰ 16

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

੧੬ ਤੋਂ ੩੦ ਅੱਸੂ ੨੦੮੨ ਬਿ.
01 to 15 October 2025

# ਸਤਿਜੁਗ



# ਥਾਈਲੈਂਡ ਦੌਰਾ 8 ਤੋਂ 11.09.2025









# ਸਤਿਜੁਗ

੧੬ ਤੋਂ ੩੦ ਅੱਸੂ ੨੦੮੨ ਬਿ.
1 ਤੋਂ 15 ਅਕਤੂਬਰ 2025 ਈ.
ਜਿਲਦ 105, ਨੰਬਰ 16

ਸਲਾਹਕਾਰ ਮੈਂਬਰ

ਸੁਵਰਨ ਸਿੰਘ ਵਿਰਕ, ਸੰਤ ਨਿਸ਼ਾਨ ਸਿੰਘ, ਹਰਪਾਲ ਸਿੰਘ ਸੇਵਕ, ਗੁਰਭੇਜ ਸਿੰਘ ਗੁਰਾਇਆ

ਸੰਪਾਦਕ: ਗੁਰਲਾਲ ਸਿੰਘ
Editor: Gurlal Singh

Co. Editor - Dr. Khleel Khan, Gurbhagat Singh
ਸਹਿ ਸੰਪਾਦਕ: ਡਾ. ਖਲੀਲ ਖਾਨ, ਗੁਰਭਗਤ ਸਿੰਘ

*Printed and Published by
Mr. Harvendra Singh Hanspal
on behalf of Namdhari Darbar.
Printed at Summit advertising press,
2DLF (Part), Moti Nagar, New Delhi
and Published from Namdhari Gurdwara,
Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

***Designed and Typeset:***
ਤਰਨ ਬੱਲ
ਯੁਵਰਾਜ ਸਿੰਘ

**ਪੱਤਰ ਵਿਹਾਰ ਦਾ ਪਤਾ :**
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 97800-97898,
99147-02201
*Email- Satjug@sribhainisahib.com*

# ਤਤਕਰਾ

* **ਸੰਪਾਦਕੀ**......................................4
* **ਗੁਰਬਾਣੀ ਵਿਆਖਿਆ**......................................6
* **ਸੱਚਨ ਸੱਚ**
  ਹਰਨਾਮ ਦਾਸ ਸਹਿਰਾਈ......................................8
* **ਕੁਦਰਤ, ਅਦਬ, ਮਸ਼ੀਨ ਤੇ ਮਾਨਵ**
  ਆਤਮਜੀਤ......................................12
* **ਇੱਕ ਦਸਤਾਰ ਰੱਤ ਲਿੱਬੜੀ (ਕਹਾਣੀ)**
  ਜਸਵੀਰ ਰਾਣਾ......................................18
* **ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)**
  ਸਵ. ਪ੍ਰੀਤਮ ਸਿੰਘ ਕਵੀ......................................27
* **ਅੱਖੀਂ ਡਿੱਠਾ ਕਿੱਸਾ ਕੀਤਾ**
  ਸੰਪਾ: ਸੁਵਰਨ ਸਿੰਘ ਵਿਰਕ......................................30
* **The popular Apps that are SPYING on you: Cybersecurity experts issue urgent warning over 'data hungry' apps that can access your location, microphone and data.**
  Jonathan Chadwick......................................33
* **MURDER OFBEEF BUTCHERS BY KUKAS**
  Dr. Gurdev Singh Sidhu......................................36
* **ਕਾਵਿ – ਕਿਆਰੀ**......................................40
* **ਖ਼ਬਰਨਾਮਾ**......................................41

ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।




## ਸੰਪਾਦਕੀ

ਵਤ ਲਗੀ ਸਚੇ ਨਾਮ ਕੀ ਜੋ ਬੀਜੇ ਸੋ ਖਾਇ॥

ਅੱਸੂ ਦੀ ਸੰਗਰਾਂਦ ਦੇ ਨਾਲ ਹੀ ਸ੍ਰੀ ਭੈਣੀ ਸਾਹਿਬ ਜਪ-ਪ੍ਰਯੋਗ ਆਰੰਭ ਹੋ ਗਿਆ ਹੈ। ਇਹ ਮਹੀਨਾ ਨਾਮ-ਬਾਣੀ ਸੇਵਾ ਦਾ ਤ੍ਰੈਬੇਣੀ ਕੁੰਭ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਬਖ਼ਸ਼ਿਸ਼ ਕੀਤਾ ਨਾਮ ਜਪਦਿਆਂ ਸੰਗਤਾ ਨੇ ਦਿਨਚਰਿਆ ਬਤੀਤ ਕਰਨੀ ਹੈ। ਨਾਮਧਾਰੀਆਂ ਲਈ ਇਹ ਦਿਨ ਖੁਸ਼ੀਆਂ ਭਰੇ ਹਨ। ਸੰਸਾਰਿਕ ਤਾਮ-ਝਾਮ ਤੋਂ ਮੁਕਤੀ, ਰੰਗ ਬਿਰੰਗੇ ਕਪੜਿਆਂ ਖਾਣਿਆ ਤੋਂ ਵਿਰੱਕਤਾ, ਸ਼ੁੱਧ ਕੁਦਰਤੀ ਜੀਵਨ।

ਇਸ ਪ੍ਰਯੋਗ ਦਾ ਅਸਲ ਮੰਤਵ ਹੀ ਸਰੀਰ 'ਤੇ experiment ਹੈ। ਵਿਸ਼ਿਆ ਤੋਂ ਬਚਾਅ ਰੱਖਣਾ, ਮਨ ਦੀ ਸਹਿਜਤਾ ਅਤੇ ਅਡੋਲਤਾ ਲਈ ਪਰਿਆਸ ਕਰਨਾ। ਬਾਣੀ ਪੜ੍ਹ ਕੀਰਤਨ ਸੁਣ ਆਪਣੇ ਅਸਲੀ ਸਰੂਪ ਨਾਲ ਰੂ-ਬ-ਰੂ ਹੋਣਾ, ਸੇਵਾ ਕਰ ਸੁਭਾਅ ਅੰਦਰੋਂ ਊਚ ਨੀਚਤਾ ਦੀਆਂ ਲਕੀਰਾਂ ਖਤਮ ਕਰਨੀਆਂ ਅਤੇ ਮਨ ਨੂੰ ਨਿਰਮਲ ਬਣਾਉਣਾ। ਸ੍ਰੀ ਭੈਣੀ

ਸਾਹਿਬ ਦੇ ਰਮਨੀਕ ਵਾਤਾਵਰਨ ਵਿਚ ਵਿਚਰਨਾ, ਸਤਸੰਗੀ ਸਾਥੀਆਂ ਨਾਲ ਗੁਰਮਤਿ ਵਿਚਾਰਾਂ ਕਰਨੀਆਂ। ਸਾਫ਼ ਸੁਥਰਾ ਸਾਦਾ ਭੋਜਨ ਸੰਗਤ 'ਚ ਬੈਠ ਛਕਣਾ। ਇਹ ਦਿਨ ਚਰਿਆ ਅੱਜ ਦੇ ਦੌੜ ਭੱਜ ਵਾਲੇ ਜੀਵਨ ਵਿਚ ਕਿਥੇ ਪ੍ਰਾਪਤ ਹੁੰਦੀ ਹੈ? ਮਨੁੱਖੀ ਇਤਿਹਾਸ ਦੱਸਦਾ ਹੈ ਜਦੋਂ ਮਨੁੱਖ ਰੋਟੀ ਪੱਖੋ ਸੋਖਾ ਹੋਇਆ ਤਾਂ ਉਸ ਦੇ ਖਿਆਲ ਜ਼ਿੰਦਗੀ ਦੇ ਅਸਲੀ ਸਵਾਲਾ ਵੱਲ ਗਿਆ। ਉਸ ਨੇ ਮੈਂ ਕੌਣ ਹਾਂ ? ਕਿਥੋ ਆਇਆ ਹਾਂ ? ਕਿਥੇ ਜਾਵਾਂਗਾ ? ਇਹ ਸਾਰੇ ਸਵਾਲ ਆਪਣੇ-ਆਪ ਨਾਲ ਕਰਨੇ ਸ਼ੁਰੂ ਕਰ ਦਿੱਤੇ। ਜਿਥੋਂ ਦਰਸ਼ਨ ਦੀ ਉਤਪੱਤੀ ਹੋਈ। ਦਰਸ਼ਨ ਦੀ ਯਾਤਰਾ ਬਹੁਤ ਲੰਬੀ ਹੈ। ਇਸ ਵਿਚ ਵੱਖ-ਵੱਖ ਸਮੇਂ ਵੱਖ-ਵੱਖ ਖਿਤਿਆਂ ਦੇ ਦਾਰਸ਼ਨਿਕਾਂ ਨੇ ਆਪਣੇ-ਆਪਣੇ ਵਿਚਾਰ ਪ੍ਰਗਟ ਕੀਤੇ। ਉਪਰੋਕਤ ਸਵਾਲਾ ਦੇ ਜਵਾਬਾਂ ਨੂੰ ਲੱਭਿਆ ਜੋ ਅਨੁਭਵ ਕੀਤਾ ਉਹ ਵਿਚਾਰ ਦੁਨੀਆਂ ਨੂੰ ਦਿੱਤੇ। ਇਸ ਤਰ੍ਹਾਂ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਪੰਦਰਵੀਂ ਸਦੀ ਦੇ ਵੱਡੇ ਦਾਰਸ਼ਨਿਕ ਹਨ ਜਿਨ੍ਹਾਂ ਨੇ ਬ੍ਰਹਮ ਸੱਤਾ ਦੀ ਸਥਾਪਤੀ ਤੋਂ ਆਪਣੀ ਗੱਲ ਸ਼ੁਰੂ ਕੀਤੀ।

ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਹੋਸੀ ਭੀ ਸਚੁ

ਬ੍ਰਹਮ ਸੱਤਾ ਦੀ ਵਿਆਪਕਤਾ ਕਿਵੇਂ ਸਭ ਸੰਸਾਰ ਨੂੰ ਚਲਾ ਰਹੀ, ਘੜ੍ਹ ਰਹੀ ਅਤੇ ਮੇਟ ਰਹੀ ਹੈ। ਇਸ ਬਾਰੇ ਜਪ ਬਾਣੀ ਦੀ ਦੂਜੀ ਪਾਉੜੀ ਵਿਚ ਆਪਣੇ ਵਿਚਾਰ ਪ੍ਰਗਟ ਕੀਤੇ। ਇਸ ਤਰ੍ਹਾਂ ਹੀ ਗੁਰੂ ਨਾਨਕ ਪਾਤਸ਼ਾਹ ਦੀ ਸਾਰੀ ਬਾਣੀ ਪਰਮਾਰਥ ਦੇ ਰਸਤੇ ਦੀਆਂ ਬਾਤਾਂ ਪਾਉਂਦੀ ਜਗਿਆਸੂ ਨੂੰ ਵੱਖ-ਵੱਖ ਖੰਡਾ (ਅਵਸਥਾ) ਦੀ ਜਾਣਕਾਰੀ ਦਿੰਦੀ ਹੈ। ਸਮਾਜ ਵਿਚ ਧਰਮ ਦੇ ਨਾਮ 'ਤੇ ਸ਼ੁਰੂ ਹੋਏ ਅੰਧ ਵਿਸ਼ਵਾਸ, ਫੋਕੇ ਰੀਤੀ-ਰਿਵਾਜਾਂ ਅਤੇ ਕਰਮ ਕਾਂਡਾ ਦਾ ਖੰਡਨ ਕਰਦੀ ਹੈ। ਇਨ੍ਹਾਂ ਵਿਚਾਰਾਂ ਨਾਲ ਸਿਖ ਦਰਸ਼ਨ ਦੀ ਆਰੰਭਤਾ ਹੋਈ। ਜਿਸ ਵਿਚ ਨਾਨਕ ਜੋਤਿ ਨੇ ਵੱਖ-ਵੱਖ ਸਮੇਂ ਅੰਦਰ ਸਿੱਖਾਂ ਦੇ ਜੀਵਨ ਨੂੰ ਉੱਚ ਆਦਰਸ਼ੀ ਬਣਾਇਆ ਪ੍ਰੋ. ਪੂਰਨ ਸਿੰਘ ਲਿਖਦੇ ਹਨ-

"ਗੁਰੂ ਸਾਹਿਬ ਤਾਂ ਜੀਵਨ ਨੂੰ ਸੁਤੰਤਰ ਕਰਨ ਲੋਚਦੇ ਹਨ ਤਾਂ ਜੋ ਨਾ ਤਾਂ ਕੋਈ ਦੂਜਾ ਇਸ ਨੂੰ ਸੀਮਿਤ ਕਰ ਸਕੇ ਤੇ ਨਾ ਹੀ ਅਜਿਹਾ ਵਿਅਕਤੀ ਕਿਸੇ ਦੂਜੇ ਦੇ ਜੀਵਨ ਉਤੇ ਭਾਰੂ ਹੋਵੇ। ਨਾ ਹੀ ਕੋਈ ਵਿਅਕਤੀ ਆਪਣੀਆਂ ਯੋਗਤਾਵਾਂ ਉਤੇ ਵਧੇਰੇ ਬੋਝ ਪਾਵੇ ਤੇ ਨਾ ਹੀ ਇਨ੍ਹਾਂ ਨੂੰ ਢਿਲਿਆਂ ਪੈਣ ਦੇਵੇ। ਸਗੋਂ ਸਦਾ ਕਰਮਸ਼ੀਲ, ਸਦਾ ਸਾਵਧਾਨ, ਸਦਾ ਕਿਰਤ ਵਿਚ ਮਗਨ ਅਤੇ ਸਦਾ ਪ੍ਰੇਮ ਵਿਚ ਰੱਤਾ ਰਹੇ। ਗੁਰੂ ਜੀ ਤਾਂ ਮਨੁੱਖ ਨੂੰ ਇਹ ਸਦਾ ਕਹਿੰਦੇ ਹਨ ਕਿ ਉਹ ਸਦਾ ਕੁਦਰਤ ਦੇ ਨੇਮਾਂ ਦਾ ਪਾਲਣ ਕਰੇ।"

ਹਜ਼ੂਰ ਸਤਿਗੁਰੂ ਜੀ ਇਸ ਜਪ ਪ੍ਰਯੋਗ ਰਾਂਹੀ ਕੁਦਰਤ ਅਨੁਸਾਰੀ ਜੀਵਨ ਜੀਊਣ ਦੀ ਜਾਚ ਦੱਸ ਰਹੇ ਹਨ। ਮਨੁੱਖੀ ਮਨ ਲਈ ਇਸ ਜਪ ਪ੍ਰਯੋਗ ਨੂੰ ਹੋਰ ਪ੍ਰਭਾਵੀ ਬਣਾਉਣ ਲਈ ਯਤਨਸ਼ੀਲ ਹਨ। ਉਹਨਾਂ ਨੇ ਦੁਪਹਿਰ ਦੇ ਨਿਤਨੇਮ ਵਿਚ ਵੀ ਕੁਝ ਸਮਾਂ ਇਸ ਤਰ੍ਹਾਂ ਦਾ ਨਿਰਧਾਰਿਤ ਕੀਤਾ ਹੋਇਆ ਹੈ ਕਿ ਜਗਿਆਸੂ ਮਨ ਦੇ ਵੇਗਾਂ ਨੂੰ ਰੋਕ ਇਕ ਚਿਤ ਹੋ ਕੇ ਬਿਲਕੁਲ ਸ਼ਾਂਤ ਬੈਠੇ। ਇਸ ਸਮੇਂ ਦੌਰਾਨ ਉਸ ਦੀ ਯਾਤਰਾ ਬਾਹਰੀ ਕੰਮ ਕਾਰ ਦੇ ਧਿਆਨ ਤੋਂ ਹੱਟ ਕੇ ਬਿਲਕੁਲ ਅੰਦਰ ਵੱਲ ਹੋਵੇ। ਸਤਿਗੁਰੂ ਪ੍ਰਤਾਪ ਸਿੰਘ ਜੀ ਵੱਲੋਂ ਆਰੰਭੇ ਇਸ ਮਹਾਨ ਯੱਗ ਵਿਚ ਹਰ ਸਾਲ ਪ੍ਰਯੋਗੀਆਂ ਦੀ ਗਿਣਤੀ ਵਿਚ ਵਾਧਾ ਹੁੰਦਾ ਹੈ ਜੋ ਸੇਵਾ ਸਿਮਰਨ ਦੀ ਰਾਸ ਇਕੱਠੀ ਕਰਦੇ ਹਨ।

..............................................................

# ਗੁਰਬਾਣੀ ਵਿਆਖਿਆ - ਆਸਾ ਦੀ ਵਾਰ

**ਸਿਖੀ ਸਿਖਿਆ ਗੁਰ ਵੀਚਾਰਿ॥**
ਗੁਰੂ ਦੇ ਵਿਚਾਰਾਂ ਤੋਂ ਜਿਨ੍ਹਾਂ ਨੇ ਸਿੱਖਿਆ ਸਿੱਖ ਲਈ।
Those, who have accepted the teachings of the *Guru*

**ਨਦਰੀ ਕਰਮਿ ਲਘਾਏ ਪਾਰਿ॥**
ਪਰਮੇਸ਼ਰ ਦੀ ਰਹਿਮਤ-ਨਿਗ੍ਹਾ ਉਨ੍ਹਾਂ ਨੂੰ ਪਾਰ ਲੰਘਾ ਦੇਵੇਗੀ।
God's benevolence will take them across the ocean of illusion.

**ਕੋਲੂ ਚਰਖਾ ਚਕੀ ਚਕੁ॥ ਥਲ ਵਾਰੋਲੇ ਬਹੁਤੁ ਅਨੰਤੁ॥**
ਕੋਹਲੂ, ਚਰਖਾ, ਚੱਕੀ, ਘੁਮਿਆਰ ਦਾ ਚੱਕ ਅਤੇ ਬੇਅੰਤ ਮਾਰੂਥਲਾਂ ਦੇ ਵਾਵਰੋਲੇ।
The oil-press, the spinning wheel, the grinding stones, the potter's wheel,
the countless whirlwinds in the desert,

**ਲਾਟੂ ਮਾਧਾਣੀਆ ਅਨਗਾਹ॥**
ਲਾਟੂ, ਮਧਾਣੀਆਂ ਅਤੇ ਫਲ੍ਹੇ (ਅਨਾਜ ਗਾਹੁਣ ਵਾਲੇ)।
the spinning tops, the churning sticks, the threshers

**ਪੰਖੀ ਭਉਦੀਆ ਲੈਨਿ ਨ ਸਾਹ॥**
ਅਕਾਸ਼ ਵਿੱਚ ਭਉਂਦੇ ਪੰਛੀ,
ਜੋ ਸਾਹ ਨਹੀਂ ਲੈਂਦੇ ਭਾਵ ਕਿਤੇ ਬਹਿੰਦੇ ਨਹੀਂ।
The birds flying the sky, which do not sit to rest,

**ਸੂਐ ਚਾੜਿ ਭਵਾਈਅਹਿ ਜੰਤ॥**
ਸੂਲੀ ਉੱਤੇ ਬਲੀ ਚੜ੍ਹਾ ਕੇ ਜੀਵ ਮਰਨ ਤੱਕ ਭਵਾਏ ਜਾਂਦੇ ਹਨ।
Livings beings are kept in movement till their death.

**ਨਾਨਕ ਭਉਦਿਆ ਗਣਤ ਨ ਅੰਤ॥**
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ
ਚੱਕਰਾਂ ਵਿੱਚ ਪਈ ਦੁਨੀਆਂ ਦਾ ਕੋਈ ਅੰਤ ਨਹੀਂ।
Sri Guru Ji says:
there is no end of turbulence to which the world is subjected

**ਬੰਧਨ ਬੰਧਿ ਭਵਾਏ ਸੋਇ॥**
ਉਹੋ ਪ੍ਰਭੂ ਹੀ ਬੰਧਨਾਂ ਵਿੱਚ ਬੰਨ੍ਹਕੇ ਜੀਵਾਂ ਨੂੰ ਭਵਾਉਂਦਾ ਹੈ।
God binds the living beings to the
various chores according to their actions

**ਪਇਐ ਕਿਰਤਿ ਨਚੈ ਸਭੁ ਕੋਇ॥**
ਆਪੋ-ਅਪਣੇ ਧੰਧਿਆਂ ਲਈ ਸਾਰੇ ਜੀਵ ਨੱਚ ਰਹੇ ਹਨ।
Every one dances according to their actions
All are engaged in their respective domains

**ਨਚਿ ਨਚਿ ਹਸਹਿ ਚਲਹਿ ਸੇ ਰੋਇ॥**
ਧੰਧਿਆਂ 'ਚ ਲੱਗੇ ਲੋਕ ਨੱਚਦੇ, ਹੱਸਦੇ ਤੇ ਚੱਲਦੇ ਹਨ,
ਪਰ ਉਹਨਾਂ ਦੇ ਖੁੱਸਣ 'ਤੇ ਲੋਕ ਰੋਂਦੇ ਹਨ।
Engaged in their activities, people laugh
when they achieve something and cry when they lose something

**ਉਡਿ ਨ ਜਾਹੀ ਸਿਧ ਨ ਹੋਹਿ॥**
ਉੱਚੀ ਬਿਰਤੀ ਹਰ ਕੋਈ ਸਿੱਧ ਨਹੀਂ ਕਰ ਸਕਦਾ।
Not everyone is able to attain the high state of mind

**ਨਚਣੁ ਕੁਦਣੁ ਮਨ ਕਾ ਚਾਉ॥**
ਨੱਚਣਾ ਟੱਪਣਾ ਤਾਂ ਮਨ ਦਾ ਉਤਸ਼ਾਹ ਹੈ।
It is the mind's eagerness to dance and climb

**ਨਾਨਕ ਜਿਨ ਮਨਿ ਭਉ ਤਿਨਾ ਮਨਿ ਭਾਉ॥੨॥**
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜਿਨ੍ਹਾਂ ਦੇ ਮਨ ਵਿੱਚ ਪ੍ਰਭੂ ਦਾ ਡਰ ਹੈ,
ਉਨ੍ਹਾਂ ਦੇ ਮਨ ਵਿੱਚ ਹੀ ਪ੍ਰੇਮ ਭਾਵ ਹੈ।
Sri Guru Ji says that those minds who fear God,
are the ones who love Him.

**ਨਾਮਧਾਰੀ ਨਿਤਨੇਮ ਸਟੀਕ ਵਿਚੋਂ**

**ਚਲਦਾ...**

# ਸੱਚਨ ਸੱਚ



**ਹਰਨਾਮ ਦਾਸ ਸਹਿਰਾਈ**

ਹੰਜੀਰਾਂ ਦਾ ਮਾਰਿਆ ਰੋਗ ਵਿਚ ਜਕੜਿਆ ਹੋਇਆ ਸਰੀਰ, ਖੁਰ ਖੁਰ ਕੇ ਪਿੰਜਰ ਹੋ ਗਿਆ ਸੀ ਜੁੱਸਾ। ਆਪ ਹਕੀਮ ਸੀ। ਦੂਜਿਆਂ ਦੇ ਰੋਗ ਦੂਰ ਕਰਦਾ ਤੇ ਜਦੋਂ ਆਪਣੀ ਵਾਰੀ ਆਈ ਕੋਈ ਦਵਾਈ ਕਾਰਗਰ ਨਾ ਹੋਈ। ਕਿਸੇ ਦਵਾ ਨੇ ਆਪਣਾ ਚਮਤਕਾਰ ਨਾ ਵਿਖਾਇਆ। ਬੰਦਾ ਆਪਣਾ ਇਲਾਜ ਆਪ ਨਹੀਂ ਕਰ ਸਕਦਾ। ਕਿਸੇ ਸਿਆਣੇ ਨੇ ਸਲਾਹ ਦਿੱਤੀ ਕਿਸੇ ਸਿਆਣੇ ਵੈਦ ਕੋਲੋਂ ਨਬਜ਼ ਵਿਖਾਓ। ਆਪ ਭਾਵੇਂ ਕੁਸ਼ਤੇ ਮਾਰ ਕੇ ਖਾਈ ਜਾਓ ਉਸ ਭੋਰਾ ਅਸਰ ਵੀ ਨਹੀਂ ਕਰਨਾ। ਤੇ ਕਿਸੇ ਦੂਜੇ ਹਕੀਮ ਨੇ ਸਵਾਹ ਦੀ ਚੁਟਕੀ ਵੀ ਦੇ ਦਿੱਤੀ ਤਾਂ ਰੋਗ ਜੜ੍ਹਾਂ ਤੀਕ ਨਿਕਲ ਜਾਉ। ਗੱਲ ਕਿਸੇ ਸਿਆਣੇ ਦੀ ਪੱਲੇ ਬੰਨ੍ਹ ਲਵੋ। ਸਿਆਣੇ ਠੀਕ ਆਖਦੇ ਹਨ। ਜਦੋਂ ਕਿਤੇ ਮਰਦੇ ਕਮਾਲ ਮਿਲ ਗਿਆ, ਰੋਗ ਓਦੋਂ ਈ ਕਟਿਆ ਜਾਣਾ ਏ। ਭਾਵੇਂ ਲੱਖ ਵਾਰ ਕੋਈ ਜੱਦੀ ਹਕੀਮ ਪੁੜੀਆਂ ਬੰਨ੍ਹ ਬੰਨ੍ਹ ਕੇ ਦੇਂਦਾ ਰਵੇ। ਰੋਗ ਸਮਝ ਵਿਚ ਆਉਣ ਦੀ ਗੱਲ ਏ, ਫੇਰ ਉਸਦਾ ਇਲਾਜ ਕਰਨਾ ਸੌਖਾ ਏ। ਜਦੋਂ ਤਕ ਮਰਜ਼ ਦੀ ਪੜਤਾਲ ਨਹੀਂ ਹੁੰਦੀ ਤੇ ਸਮਝ ਵਿਚ ਨਹੀਂ ਬੈਠਦਾ ਉਹਦਾ ਇਲਾਜ ਕੀ ਏ, ਐਵੇਂ ਟਕਰਾਂ ਮਾਰਨ ਵਾਲੀ ਗੱਲ ਏ।

ਸੱਚਨ ਸੱਚ ਕੋਈ ਨਾਂ ਨਹੀਂ ਸੀ ਤੇ ਨਾ ਹੀ ਕੋਈ ਜਾਤ ਗੋਤ। ਕਿਸੇ ਪਿੰਡ ਦੇ ਨਾਂ ਤੇ ਕੋਈ ਅੱਲ ਵੀ ਨਹੀਂ ਸੀ ਪਈ। ਇਹ ਤੇ ਇਕ ਉਪਾਧੀ ਸੀ, ਇਕ ਸਿਰੋਪਾ ਸੀ, ਇਕ ਬਖਸ਼ਿਸ਼ ਜਿਹੜੀ ਪੈਸੇ ਦੇ ਕੇ ਖ਼ਰੀਦੀ ਨਹੀਂ ਜਾ ਸਕਦੀ। ਮੁੱਲ ਵਿਕਦੀ ਚੀਜ਼ ਹਰ ਕੋਈ ਖ਼ਰੀਦ ਸਕਦਾ ਏ। ਜਿਹੜੀ ਚੀਜ਼ ਈ ਨਾਯਾਬ ਹੋਵੇ ਉਹਦਾ ਮੁੱਲ ਕੀ ਏ। ਇਹ ਗੁਰੂ ਦਰਬਾਰ ਦੀ ਇੱਕ ਨਿਆਮਤ ਸੀ, ਬਖਸ਼ਿਸ਼।

ਜ਼ਾਤ ਬ੍ਰਾਹਮਣ, ਉੱਚੀ ਕੁੱਲ, ਸਾਰਾ ਪਿੰਡ ਮੱਥਾ ਟੇਕੇ। ਉਦਾਂ ਰੱਬ ਦਾ ਨਾਂ ਲੈਣ ਵਾਲਾ ਬੰਦਾ ਸੀ। ਗੱਲ ਜਦੋਂ ਵੀ ਕਰਨੀ ਸੱਚੀ, ਭਾਵੇਂ ਸਿਰ ਤੇ ਤਲਵਾਰ ਕਿਉਂ ਨਾ ਲਟਕਦੀ ਹੋਵੇ। ਰੱਤੀ ਭਰ ਡਰਨਾ ਨਹੀਂ। ਉਹਦੀ ਖਲੜੀ ਵਿਚ ਡਰ ਕਿਤੇ ਨਾਂ ਮਾਤਰ ਨਹੀਂ ਸੀ। ਭਾਵੇਂ ਕੁੜਮ ਰੁੱਸ ਜਾਵੇ ਪਰ ਝੂਠ ਨਹੀਂ ਬੋਲਣਾ। ਸਾਰਾ ਪਿੰਡ ਵੈਰੀ ਬਣਦਾ ਏ ਤਾਂ ਬਣ ਜਾਵੇ, ਕੁਫਰ ਨਹੀਂ ਤੋਲਣਾ। ਸੱਚ ਆਖਣਾ ਏ, ਸੱਚ ਸੁਣਨਾ ਏ। ਜੇ ਕੋਈ ਝੂਠ ਬੋਲੇ ਤਾਂ ਕੰਨਾਂ ਵਿਚ ਉਂਗਲੀਆਂ ਦੇ ਲੈਣੀਆਂ। ਉਹਦੇ ਕੰਨਾਂ ਨੇ ਕਦੇ ਝੂਠੇ ਸ਼ਬਦ ਨਹੀਂ ਸਨ ਸੁਣੇ। ਲੋਕ ਝੂਠੇ ਪਲਾਲ ਕਰ ਕਰਕੇ ਆਪਣੀ ਚੌਧਰ ਬਣਾ ਲੈਂਦੇ ਹਨ ਪਰ ਉਹ ਕਿੰਨੇ ਦਿਨ। ਰੇਤ ਦੀਆਂ ਕੰਧਾਂ ਵੀ ਕਦੇ ਸਾਬਤ ਰਹੀਆਂ ਹਨ। ਜਦੋਂ ਜ਼ਰਾ ਕੁ ਪਾਣੀ ਪਿਆ ਤਾਂ ਕਿਰ ਗਈਆਂ। ਹਨੇਰੀ ਆਈ ਉੱਡ ਗਈ। ਫੀਤੀ ਫੀਤੀ ਹੋ ਗਈ ਕੰਧ। ਬੰਦਾ ਇਕ ਤੇ ਝੂਠ ਬੋਲੇ ਤੇ ਉਹਨੂੰ ਲੁਕੋਣ ਲਈ ਕਈ ਕਈ ਝੂਠ ਬੋਲਣੇ ਪੈਂਦੇ ਹਨ ਪਰ ਝੂਠ ਫੇਰ ਵੀ ਨਹੀਂ ਲੁਕਦਾ। ਝੂਠ ਆਖਰ ਝੂਠ ਏ। ਸੱਚ ਹੀ ਇਕ ਐਸਾ ਜਾਦੂ ਏ ਕਿ ਕੋਈ ਕੋਠੇ ਤੇ ਚੜ੍ਹ ਕੇ ਨਚੇ, ਸਾਰਾ ਪਿੰਡ ਮੈਨੂੰ ਭਾਵੇਂ ਉਸ ਵੇਲੇ ਕੋਈ ਸਿਰ ਫੇਰ ਦੇਵੇ ਪਰ ਦੂਜੇ ਦਿਨ ਸੱਚ ਅਗੇ ਸਾਰੀ ਦੁਨੀਆਂ ਝੁਕਦੀ ਵੇਖੀ ਏ। ਦੁਨੀਆਦਾਰ ਸੱਚ ਦੀ ਅਹਿਮੀਅਤ ਦੇਰ ਨਾਲ ਪਛਾਣਦਾ ਏ। ਸੱਚ ਇਕ ਨਿਅਮਤ ਏ, ਸੱਚ ਇਕ ਬਰਕਤ ਏ। ਸੱਚ ਮੋਅਜਜ਼ਾ ਏ। ਸੱਚ ਖੁਦਾਈ ਨਾਅਰਾ ਏ। ਸੱਚ ਭਲੇ ਲੋਕ ਹੀ ਬੋਲਦੇ ਹਨ ਪਰ ਝੂਠ ਦੀ ਛੱਜਰੀ ਸਾਰਾ ਜਗ ਸਿਰ ਤੇ ਚੁਕੀ ਫਿਰਦਾ ਏ। ਝੂਠ ਲੋਕਾਂ ਦੀਆਂ ਰਗਾਂ ਵਿਚ ਰਚ ਗਿਆ ਏ। ਗੋਇੰਦਵਾਲ ਵਾਲੇ ਸਿਰਫ਼ ਇਕੋ ਹੀ ਤੇ ਗੱਲ ਦੱਸਦੇ ਹਨ ਜਿਹੜਾ ਪਹਿਲਾਂ ਪਹਿਲ ਗੋਇੰਦਵਾਲ ਆਉਂਦਾ ਏ ਉਹਦੇ ਕੰਨਾਂ ਵਿਚ ਇਕ ਧੁੰਨ ਗੂੰਜਦੀ ਏ, ਭਾਈ ਸੱਚ ਬੋਲੋ, ਭਾਈ ਸੱਚ ਆਖੋ, ਭਾਈ ਸੱਚ ਸੁਣੋ। ਏਸੇ ਨਾਲ ਈ ਕਲਿਆਣ ਏ। ਝੂਠ ਨਾਲ ਨਹੀਂ ਨਿਭਣਾ। ਸੱਚ ਗਠੜੀ ਬੰਨ੍ਹ ਕੇ ਸਿਰ ਤੇ ਭਾਵੇਂ ਚੁਕ ਲਵੋ। ਮਹਿਫਲ ਵਿਚ ਮਜਲਸ ਵਿਚ, ਪੰਚਾਇਤ ਵਿਚ ਸੱਚ ਦੀ ਕਲਗੀ ਹਮੇਸ਼ਾਂ ਉਚੀ ਵੇਖੀ ਏ ਲੋਕਾਂ, ਝੂਠੇ ਨੂੰ ਉਥੇ ਡੁਬਣ

ਲਈ ਛੱਪੜ ਵੀ ਨਹੀਂ ਲੱਭਦਾ। ਸੱਚ ਬੋਲ ਭਾਵੇਂ ਕੌੜਾ ਲੱਗਦਾ ਏ। ਪਰ ਪਿਛੋਂ ਬੜਾ ਸਵਾਦ ਆਉਂਦਾ ਏ। ਸਿਆਣਿਆਂ ਆਖਿਆ ਏ ਔਲੇ ਦਾ ਖਾਧਾ, ਸਿਆਣੇ ਦਾ ਆਖਿਆ ਪਿਛੋਂ ਈ ਮਜ਼ਾ ਦਿੰਦੈ।

ਏਸ ਮਨੁੱਖ ਦਾ ਨਾਂ ਕੀ ਸੀ, ਮੈਨੂੰ ਕੀ ਪਤਾ ਏ। ਇਤਿਹਾਸ ਖਾਮੋਸ਼ ਏ। ਸੀਨਾ ਬਸੀਨਾ ਚਲੀਆਂ ਆਉਂਦੀਆਂ ਸਾਖੀਆਂ ਦੀ ਜ਼ਬਾਨ ਗੂੰਗੀ ਏ । ਕੋਈ ਸੱਚ ਸੱਚਣ ਆਖਦਾ ਏ ਤੇ ਕੋਈ ਸੱਜਣ ਸੱਚ ਕੁਝ ਮਾਪਿਆਂ ਨੇ ਨਾਂ ਰਖਿਆ ਈ ਹੋਣਾ ਏ। ਬਿਨਾਂ ਨਾਂ ਤੋਂ ਤੁਸਾਂ ਆਪਣੀ ਉਮਰ ਥੋੜ੍ਹੀ ਲੰਘਾ ਲਈ ਏ। ਪਿਛਲੇ ਨਾਂ ਆਉਂਦਾ ਸੀ ਪਿਛੇ ਗਿਆ ਤੇ ਜਦੋਂ ਦਾ ਗੋਇੰਦਵਾਲ ਆ ਗਿਆ ਏਂ ਨਾ ਜ਼ਾਤ ਰਹੀ ਤੇ ਨਾ ਗੋਤ ਤੇ ਫੇਰ ਨਾਂ ਨੇ ਆਪੇ ਈ ਗਵਾਚ ਜਾਣਾ ਸੀ। ਸਿਰਫ ਗੁਰੂ ਦਾ ਸੇਵਕ ਰਹਿ ਗਿਆ ਸੀ, ਸਿੱਖ ਗੁਰੂ ਦਾ। ਏਸ ਤੋਂ ਵੱਧ ਨਾ ਹਕੀਮ ਹੋਰੀਂ ਜਾਣਦੇ ਸਨ ਤੇ ਨਾ ਈ ਲੋਕ ਗੋਇੰਦਵਾਲ ਦੇ। ਉਹਦਾ ਸੱਚ ਦੋ ਚਾਰ ਵਾਰਾਂ ਬਦਨਾਮ ਹੋਇਆ ਤੇ ਸਾਰੇ ਬਾਹਰੇ ਵਿਚ ਉਹਦੀਆਂ ਧੁੰਮਾਂ ਪੈ ਗਈਆਂ ਤੇ ਏਸ ਲਈ ਲੋਕ ਭਾਵੇਂ ਉਹਨੂੰ ਮਖੌਲ ਨਾਲ ਸਮਝ ਲਵੋ ਤੇ ਭਾਵੇਂ ਆਦਰ ਭਾਵ ਨਾਲ ਤੇ ਭਾਵੇਂ ਸਤਿਕਾਰ ਵਜੋਂ, ਜਿਹੜਾ ਵੀ ਮਨੋਂ ਕੱਢਦਾ ਉਹਦੇ ਬੁਲ੍ਹਾਂ ਤੇ ਬੋਲ ਹੁੰਦੇ ਸੱਚਨ ਸੱਚ। ਉਹਦੀ ਅੱਲ ਪੈ ਗਈ ਤੇ ਗੋਇੰਦਵਾਲ ਵਾਲਿਆਂ ਨੇ ਉਹਦਾ ਨਾਂ ਈ ਪੱਕਾ ਕਰ ਦਿੱਤਾ।

ਹੰਜੀਰਾਂ ਦਾ ਰੋਗ ਲੈ ਕੇ ਆਇਆ ਸੀ ਤੇ ਗੁਰੂ ਦੀ ਸੰਗਤ ਲੰਗਰ ਦੇ ਪ੍ਰਸ਼ਾਦੇ, ਬਿਆਸਾ ਦਾ ਇਸ਼ਨਾਨ ਮਾੜੀ ਜਿਹੀ ਛਿੱਟ ਚਾਨਣ ਦੀ ਭੋਰਾ ਕੁ ਭਗਤੀ ਦਾ ਰੰਗ। ਮਾੜਾ ਜਿਹਾ ਪਿਆਰ ਕੁਝ ਮਾਲਾ ਦੇ ਮਣਕਿਆਂ ਦੀ ਬਰਕਤ। ਅਸੀਸ ਗੁਰੂ ਮਹਾਰਾਜ ਦੀ ਸਾਰੀਆਂ ਚੀਜ਼ਾਂ ਨੇ ਰਲ ਮਿਲ ਕੇ ਨੌਂ-ਬਰ-ਨੌਂ ਕਰ ਦਿੱਤਾ ਹੰਜੀਰਾਂ ਦੇ ਕੋਹੜ ਦਾ ਮਾਰਿਆ ਹੋਇਆ ਰੋਗੀ। ਹਕੀਮਾਂ ਦੀਆਂ ਹਿਕਮਤਾਂ ਛਿਕੇ ਤੇ ਟੰਗੀਆਂ ਰਹਿ ਗਈਆਂ। ਸਰੀਰਕ ਰੰਗ ਵੀ ਕਦੀ ਰੂਹ ਦੀ ਖੁਰਾਕ ਨਾਲ ਦੂਰ ਹੋ ਜਾਂਦੇ ਹਨ। ਇਹ ਇਲਾਜ ਸਿਰਫ ਪਹੁੰਚੇ ਬਜ਼ੁਰਗਾਂ ਕੋਲ ਏ।

ਹੁਣ ਹਕੀਮ ਨੇ ਆਪਣਾ ਨਿਤ ਨੇਮ ਬਦਲਿਆ ਆਪਣੀਆਂ ਆਦਤਾਂ ਤੇ ਕਾਬੂ ਪਾਇਆ। ਆਪਣਾ ਵਿਚਾਰ ਗੁਰੂ ਘਰ ਦੇ ਅਕੀਦੇ ਤੇ ਟਾਲਿਆ। ਗੋਇੰਦਵਾਲ ਦੇ ਵਾਤਾਵਰਣ ਵਿਚ ਓਸ ਆਪਣੀ ਕਾਇਆ ਨੂੰ ਉਸੇ ਰੰਗਣ ਵਿਚ ਰੰਗਿਆ। ਹੁਣ ਵੇਖਣਾ ਤੇ ਇਹ ਹੈ ਕਿ ਗੋਇੰਦਵਾਲ ਦਾ ਰੰਗ ਉਹਦੇ ਤੇ ਕਿੰਨਾ ਕੁ ਚੜ੍ਹਿਆ ਏ। ਕੀ ਉਹ ਮਜੀਠੀ ਰੰਗ ਦੀ ਭਾਅ ਵੀ ਮਾਰਦਾ ਏ ਕਿ ਨਹੀਂ। ਓਸ ਆਪਣਾ ਮਨ ਬਣਾ ਲਿਆ ਕਿ ਉਹ ਹੁਣ ਗੋਇੰਦਵਾਲ ਵਿਚ ਈ ਰਹੇਗਾ ਜਿੰਨੇ ਦਿਨ ਜੀਵੇਗਾ। ਗੁਰੂ ਘਰ ਦੀ ਸੇਵਾ ਈ ਕਰੇਗਾ। ਆਪਣਾ ਰੋਗ ਤੇ ਕਟਿਆ ਗਿਆ ਦੂਜਿਆਂ ਦਾ ਰੋਗ ਕੱਟਣ ਵਿਚ ਆਪਣੀ ਹਕੀਮੀ ਦੇ ਤਜਰਬੇ ਨਾਲ ਦਵਾ ਦਾਰੂ ਵਰਤੇਗਾ। ਇਹੋ ਹੀ ਸਭ ਤੋਂ ਵੱਡੀ ਤਪੱਸਿਆ ਏ। ਏਸੇ ਨੂੰ ਭਗਤੀ ਆਖਦੇ ਹਨ। ਬੰਦਾ ਬੰਦੇ ਦੇ ਕੰਮ ਆਵੇ। ਬੰਦਾ ਬੰਦੇ ਨੂੰ ਬੰਦਾ ਜਾਣੇ। ਗੋਇੰਦਵਾਲ ਵਾਲੇ ਇੱਕੋ ਈ ਤੇ ਗੁੜ੍ਹਤੀ ਦੇਂਦੇ ਸਨ ਆਈਆਂ ਸੰਗਤਾਂ ਨੂੰ।

ਸੱਚਨ ਸੱਚ ਨੇ ਆਪਣਾ ਕੰਮ ਜਾਂ ਆਪਣੀ ਸੇਵਾ ਆਪ ਚੁਣੀ। ਲੰਗਰ ਵਿਚ ਜਾਣਾ ਤੇ ਸੇਵਾ ਕਰਨੀ। ਪਹਿਲੀ ਸੇਵਾ ਜਿਹੜੀ ਓਸ ਆਪਣੇ ਜ਼ਿੰਮੇ ਲਈ ਉਹ ਇਹ ਸੀ ਭਾਂਡੇ ਜੂਠੇ ਮਾਂਜਣ ਦੀ। ਇਹ ਸੇਵਾ ਵੇਖਣ ਨੂੰ ਬਹੁਤ ਸੌਖੀ ਏ ਪਰ ਓਦਾਂ ਬੜੀ ਮੁਸ਼ਕਲ ਏ। ਨਵਾਂ ਭਾਰੂ ਛੇਤੀ ਨਾਲ ਏਸ ਕੰਮ ਤੇ ਜੁਟ ਜਾਂਦਾ ਏ ਤੇ ਭਜਦਾ ਵੀ ਛੇਤੀ ਏ, ਅੱਡੀਆਂ ਨੂੰ ਥੁੱਕ ਲਾ ਕੇ। ਜਿਹੜਾ ਅੜਿਆ ਰਿਹਾ, ਜਿਸ ਮਨ ਮਾਰ ਲਿਆ, ਜਿਸ ਸਿਰ ਸੁੱਟ ਕੇ ਇਹ ਸੇਵਾ ਕਰ ਲਈ, ਸਮਝੋ ਉਹਨੂੰ ਗੁਰੂ ਘਰ ਵਿੱਚ ਬਹਿਣ ਲਈ ਜਗ੍ਹਾ ਮਿਲ ਗਈ। ਸੌਣ ਦੀ ਜਗ੍ਹਾ ਬਣਾਉਣਾ ਉਹਦੇ ਲਈ ਕੋਈ ਮੁਸ਼ਕਲ ਨਹੀਂ। ਗੋਇੰਦਵਾਲ ਵਾਲੇ ਇਹਨੂੰ ਪਹਿਲੀ ਪੌੜੀ ਆਖਦੇ ਹਨ। ਸਿੱਖ ਨੇ ਨਿਸਚਾ ਬੰਨ੍ਹ ਕੇ ਲੱਕ ਬੰਨ੍ਹ ਕੇ ਸੇਵਾ ਕੀਤੀ। ਇੱਕ ਦਿਨ ਪਾਣੀ ਦੀ ਸੇਵਾ ਤੇ ਰੀਝ ਪਿਆ। ਖ਼ਾਲੀ ਪਾਣੀ ਕੱਢਣਾ ਖੂਹ ਵਿਚੋਂ। ਭੌਣੀ ਤੇ ਹੱਥ ਜਮਾਉਣੇ। ਭੈਣੀ ਨੂੰ ਆਪਣੇ ਹੱਥਾਂ ਤੇ ਪਾਉਣਾ ਇਹ ਵੀ ਬੜਾ ਕਠਨ ਏ, ਵੇਖਣ ਨੂੰ ਸੌਖੀ ਜਾਪਦੀ ਏ। ਸੌਖੀ ਨਹੀਂ। ਬਹੁਤ ਕਠਿਨ ਮੰਜ਼ਲ ਏ। ਇਕ ਦਿਨ ਵਿਚ ਈ ਫਟਕੜੀ ਫੁਲ ਹੋ ਜਾਂਦੀ ਏ, ਬੜੇ ਬੜੇ ਫਨਕਾਰਾਂ ਦੀ। ਪਤਰਾ ਵਾਚ ਗਏ ਤੇ ਫੇਰ ਕਦੇ ਧੁਖ ਨਾ ਪਈ ਪੰਜਾਂ ਸੱਤਾਂ ਕੋਹਾਂ ਵਿਚ। ਕਈ ਮੁੜ ਵੀ ਆਉਂਦੇ ਤੇ ਜਿਹੜੇ ਇੱਕ ਵਾਰ ਨੱਸ ਜਾਂਦੇ ਫੇਰ ਦੀਵਾਲੀ, ਵਿਸਾਖੀ, ਸੰਗਰਾਂਦ ਨੂੰ ਫੇਰ ਕਦੇ ਜੀਅ ਕਰ ਆਉਂਦਾ ਤੇ ਫੇਰ ਮਨ ਮਾਰਨ ਦਾ ਯਤਨ ਕਰਦੇ ਜਿਨ ਫੇਰ ਵੀ ਮਨ ਮਾਰ ਲਿਆ ਓਸ ਪਾ ਲਿਆ। ਉਸ ਆਪਣਾ ਆਪ ਸਵਾਰ ਲਿਆ ਤੇ ਦੂਜਿਆਂ ਨੂੰ ਸਵਾਰ ਦਿੱਤਾ। ਇਹ ਬਰਕਤਾਂ ਸਿਰਫ਼ ਗੋਇੰਦਵਾਲ ਵਿੱਚ ਈ ਸਨ।

ਕਈ ਦਿਨ ਏਸ ਤਰ੍ਹਾਂ ਵੀ ਲੰਘ ਗਏ। ਗਿਣ ਕੇ ਤੇ ਨਹੀਂ ਆਖਿਆ ਜਾ ਸਕਦਾ ਪਰ ਛੇਤੀ ਈ ਪਾਣੀ ਦੀ ਗਾਗਰ

ਚੁਕਣ ਦੀ ਜਾਚ ਆ ਗਈ। ਗਾਗਰ ਵਾਹ ਕੇ ਵੇਖ ਲਈ ਪਰ ਦਿਲ ਨਾ ਡੋਲਿਆ, ਮਨ ਨਾ ਉਖੜਿਆ, ਪੈਰ ਨਾ ਡੋਲੇ, ਗਾਗਰ ਨੇ ਹਿਚਕੋਲੇ ਨਾ ਖਾਧੇ ਗਾਗਰ ਵਿਚੋਂ ਪਾਣੀ ਉਛਲਿਆ ਨਾ। ਖੂਹ ਵਿਚੋਂ ਭਰੀ ਗਾਗਰ ਸਾਬਤ ਲੰਗਰ ਤਕ ਪੁਜਣ ਲੱਗ ਪਈ। ਜਾਚ ਵੀ ਸਿੱਖ ਲਈ ਤੇ ਝਟ ਈ। ਬੜੀ ਜਲਦੀ ਹੱਥਾਂ ਨੇ ਗਾਗਰ ਨੂੰ ਡੋਲ ਲਿਆ। ਹਾਰੀ ਸਾਰੀ ਗਾਗਰ ਨੂੰ ਹੱਥਾਂ ਵਿੱਚ ਵੀ ਜਾਂਚ ਨਹੀਂ ਸਕਦਾ। ਗਾਗਰ ਤੇ ਵੱਡਿਆਂ ਵੱਡਿਆਂ ਦੇ ਕਾਬੂ ਵਿਚੋਂ ਨਿਕਲ ਜਾਂਦੀ ਏ। ਗਾਗਰ ਬਾਰਾਂ ਸਾਲ ਗੁਰੂ ਨਾਲ ਯਰਾਨਾ ਗੰਢ ਕੇ ਬੈਠੀ ਰਹੀ।

ਸੱਚਨ ਸੱਚ ਗਾਗਰ ਨਾਲ ਆਪਣੀ ਰਿਸ਼ਤੇਦਾਰੀ ਗੰਢ ਰਿਹਾ ਸੀ। ਪੁਰਾਣੀ ਨਾਤੇਦਾਰੀ, ਪੁਰਾਣੇ ਸਾਕ, ਪਤਾ ਨਹੀਂ ਕਿਥੋਂ ਕਿਥੋਂ ਦੇ ਕੱਢ ਲਏ। ਸੱਚੀ ਗੱਲ ਤਾਂ ਇਹ ਸੀ ਕਿ ਸੱਚਨ ਸੱਚ ਨੇ ਆਪਣੀ ਜਗ੍ਹਾ ਆਪ ਬਨਾਉਣੀ ਸ਼ੁਰੂ ਕਰ ਦਿੱਤੀ ਸੀ।

ਇਕ ਦਿਨ ਲੱਕੜੀਆਂ ਦਾ ਲੰਗਰ ਵਿਚ ਤੋੜਾ ਆ ਗਿਆ। ਲੱਕੜੀ ਦੀ ਛਿਲੜ ਤਕ ਵੀ ਲੰਗਰ ਵਿਚ ਨਾ ਲੱਭੇ। ਲੰਗਰ ਚੱਲੇ ਕਾਹਦੇ ਨਾਲ ? ਓਸੇ ਵੇਲੋਂ ਪ੍ਰਤਿਗਿਆ ਕਰ ਲਈ ਕਿ ਲੰਗਰ ਵਿੱਚ ਲੱਕੜੀਆਂ ਦੀ ਸੇਵਾ ਮੈਂ ਕਰਾਂਗਾ। ਓਸੇ ਵੇਲੇ ਮੜਾਸਾ ਬੰਨ੍ਹ ਲਿਆ, ਕੁਹਾੜਾ ਲਿਆ ਤੇ ਜੰਗਲ ਵੱਲ ਤੁਰ ਪਿਆ ਸੱਚਨ ਸੱਚ।

ਪਹਿਲਾਂ ਲੱਕੜਾਂ ਕੱਟਣੀਆਂ, ਪੰਡ ਬੰਨ੍ਹਣੀ, ਆਪੇ ਈ ਸਿਰ ਤੇ ਚੁਕਣੀ ਤੇ ਫੇਰ ਲੰਗਰ ਤੱਕ ਲਿਆਉਣੀ ਕੰਮ ਮੁਸ਼ਕਲ ਹੈ ਤੇ ਸੀ ਪਰ ਉਹਦੇ ਲਈ ਬਿਲਕੁਲ ਮੁਸ਼ਕਲ ਨਹੀਂ ਸੀ। ਜਿਨ ਲੱਕ ਬੰਨ੍ਹ ਲਿਆ ਹੋਵੇ। ਕਮਰਕੱਸਾ ਕਰਨ ਵਾਲੇ ਕਦੇ ਮੈਦਾਨ ਨਹੀਂ ਛਡਦੇ। ਨਿਸਚਾ ਪੱਕਾ ਹੋਣਾ ਚਾਹੀਦਾ ਹੈ। ਅੱਧਵਾਟੇ ਹੋਵੇ ਤੇ ਫੇਰ ਪਹਾੜ ਵੀ ਰੇਤ ਦੀਆਂ ਕੰਧਾਂ ਜਾਪਦੀਆਂ ਹਨ। ਗੱਲ ਨਿਸਚੇ ਦੀ ਹੈ। ਪੱਕੇ ਇਰਾਦੇ ਦੀ।

ਜੰਗਲ ਦੀ ਕਹਾਣੀ ਏ। ਸੱਚਨ ਸੱਚ ਦੀ ਵੀ ਇਕ ਈ ਕਹਾਣੀ ਏ। ਦੋਹਾਂ ਦੇ ਵਖ ਵੱਖ ਰਾਹ ਹਨ। ਦੋਹਾਂ ਦੀਆਂ ਵੱਖ ਵੱਖ ਦਿਸ਼ਾਵਾਂ ਹਨ। ਦੋਹਾਂ ਦੀਆਂ ਆਦਤਾਂ ਵੱਖਰੀਆਂ ਹਨ। ਦੋਹਾਂ ਦੇ ਸੁਭਾਅ ਵੱਖ ਹਨ। ਦੋਹਾਂ ਦਾ ਰੰਗ ਰੂਪ ਨਾ ਮਿਲੇ, ਬੋਲ ਚਾਲ ਵਿਚ ਜ਼ਮੀਨ ਆਸਮਾਨ ਦਾ ਫ਼ਰਕ।

ਲਓ ਸੁਣੋ ਪਹਿਲਾਂ ਸੱਚਨ ਸੱਚ ਦੀ ਕਹਾਣੀ ਤੇ ਉਹ ਵੀ ਉਹਦੀ ਜ਼ਬਾਨੀ।

ਇਕ ਲੱਕੜਹਾਰਾ ਸੱਚਨ ਸੱਚ ਰੋਜ਼, ਹਰ ਰੋਜ਼, ਬਿਨਾ ਨਾਗਾ, ਮੀਂਹ ਜਾਏ, ਹਨੇਰੀ ਜਾਏ, ਝੱਖੜ ਝੱਲੇ, ਪਾਲਾ ਪਵੇ: ਕੱਕਰ ਪਵੇ ਜਾਂ ਕੋਰਾ ਆਪਣੇ ਨਿਸਚੇ ਸਿਰ ਜੰਗਲ ਵੱਲ ਤੁਰ ਜਾਂਦਾ ਹੈ ਤੇ ਮੁੜਨਾ ਪੰਡ ਲੱਕੜਾਂ ਦੀ ਸਿਰ ਤੇ ਚੁੱਕ ਕੇ। ਭਾਵੇਂ ਸੂਰਜ ਉੱਤੋਂ ਥੱਲੇ ਆ ਜਾਵੇ। ਕਈ ਵਾਰ ਦੋ-ਦੋ ਵਾਰ ਜੰਗਲ ਜਾਣਾ ਪੈਂਦਾ ਏ। ਇਹ ਤੇ ਹੁਣ ਉਹਦੀ ਆਦਤ ਵਿਚ ਸ਼ਾਮਲ ਹੋ ਗਿਆ ਸੀ। ਇਹ ਕੰਮ ਉਸ ਹੁਣ ਚਾਅ ਵਿਚ ਕੀਤਾ ਸੀ, ਲਗਨ ਸੀ, ਉੱਦਮ ਸੀ, ਜਜ਼ਬਾ ਸੀ। ਗੁਰੂ ਘਰ ਦਾ ਲੱਕੜਹਾਰਾ ਸੱਚਨ ਸੱਚ।

ਇਕ ਦਿਨ ਜਦ ਉਹ ਘਰੋਂ ਚਲਿਆ ਉਸੇ ਵੇਲੇ ਆਸਮਾਨ ਗਹਿਰਾ ਹੋ ਗਿਆ, ਹਨੇਰੀ ਵਗਣ ਲੱਗ ਪਈ ਪਰ ਸੱਚਨ ਸੱਚ ਲੱਕੜੀਆਂ ਵੱਢਣ ਵਿਚ ਜੁੱਟਾ ਹੋਇਆ ਸੀ। ਕੁਹਾੜਾ ਚਲ ਰਿਹਾ ਸੀ, ਗੁਰੂ ਦਾ ਨਾਂ ਜਪਿਆ ਜਾ ਰਿਹਾ ਸੀ। ਇੱਕ ਦਰੱਖਤ ਦਾ ਜਦ ਮੁੱਢ ਕੱਟਿਆ ਗਿਆ ਤੇ ਯਕਦਮ ਰੁੱਖ ਕੜਕਿਆ। ਕੜਾਕੇ ਦੀ ਆਵਾਜ਼ ਆਈ ਤੇ ਜ਼ਮੀਨ ਤੇ ਆਣ ਡਿੱਗਾ। ਕੁਝ ਹਨੇਰੀ ਦਾ ਜ਼ੋਰ ਸੀ ਤੇ ਦੂਜਾ ਦਰੱਖਤ ਦਾ ਡਿੱਗਣਾ ਇਕ ਖੌਫਨਾਕ ਆਵਾਜ਼ ਆਈ ਜੰਗਲ ਵਿਚ, ਫੈਲੀ, ਜੰਗਲ ਦਾ ਕਲੇਜਾ ਹਿੱਲ ਗਿਆ। ਸੱਚਨ ਸੱਚ ਬੇਹੋਸ਼ ਹੋ ਕੇ ਥੱਲੇ ਡਿੱਗ ਪਿਆ ਤੇ ਸੁੰਨ ਹੋ ਗਿਆ। ਸੁਰਤ ਨਾ ਰਹੀ। ਕੁਹਾੜਾ ਇਕ ਪਾਸੇ ਤੇ ਆਪ ਉਹ ਦੂਜੇ ਪਾਸੇ। ਰੱਬ ਜਾਣੇ ਹੁਣ ਕੀ ਵਾਪਰੇ। ਹਨੇਰੀ ਚਲ ਰਹੀ ਸੀ ਝੱਖੜ ਝੁੱਲ ਰਿਹਾ ਸੀ। ਇਕ ਸੁਦੇਣ ਜਿਹੀ ਤੀਵੀਂ ਓਦਾਂ ਜਵਾਨ ਜਹਾਨ, ਸੁਨੱਖੀ, ਹੱਥ ਮੂੰਹ ਲੱਗਦੀ, ਭਰ ਜਵਾਨੀ, ਮਸਖਰੀਆਂ ਕਰਦੀ ਮੁਟਿਆਰਾਂ ਨੂੰ ਪਰ ਉਹ ਆਪਣੀ ਸੁਧ ਬੁਧ ਵਿਚ ਨਹੀਂ ਸੀ। ਉਹ ਇਹ ਨਹੀਂ ਸੀ ਜਾਣਦੀ ਕਿ ਮੈਂ ਕੀ ਹਾਂ, ਕਿੱਥੋਂ ਆਈ ਹਾਂ ਤੇ ਕਿੱਥੇ ਜਾਣਾ ਹੈ। ਵੇਖਣ ਵਾਲੇ ਨੂੰ ਉਹ ਡੈਣ ਜਾਪਦੀ ਸੀ ਜਾਂ ਚੁੜੇਲ। ਉਹ ਸੁਭੋਕੀ ਆਣ ਖਲੋਤੀ ਜਿੱਥੇ ਸੱਚਨ ਸੱਚ ਪਿਆ ਹੋਇਆ ਸੀ। ਕੁਦਰਤ ਨੇ ਓਸ ਵੇਲੇ ਉਹਦੀ ਮੱਤ ਟਿਕਾਣੇ ਕਰ ਦਿੱਤੀ। ਉਹ ਸਮਝ ਰਹੀ ਸੀ ਕਿ ਇਹ ਲੱਕੜਹਾਰਾ ਦਰੱਖ਼ਤ ਦੀ ਜ਼ੱਦ ਵਿੱਚ ਆ ਕੇ ਸੱਟ ਖਾ ਕੇ ਡਿੱਗਾ ਏ, ਇਹਨੂੰ ਮਦਦ ਦੀ ਲੋੜ ਏ। ਦੇ ਦੋ ਕੋਹ ਤੇ ਕੋਈ ਬੰਦਾ ਨਜਰ ਨਹੀਂ ਆਉਂਦਾ, ਇਹਦੀ ਮਦਦ ਕੌਣ ਕਰੂ। ਏਸ ਵੇਲੇ ਮੈਂ ਹਾਂ। ਇਹਦੀ ਮਦਦ ਕਰ ਸਕਦੀ ਹਾਂ ਜਾਂ ਰੱਬ, ਇਹਦਾ ਹੋਰ ਕੋਈ ਸਹਾਰਾ ਨਹੀਂ।

ਰੱਬ ਕਿਨ ਵੇਖਿਆ ਏ ? ਰੱਬ ਕਦੋਂ ਆਉਂਦਾ ਏ ? ਰੱਬ ਕਿਸ ਵੇਲੇ ਕਿਸ ਦੀ ਮਦਦ ਕਰਦਾ ਏ ? ਰੱਬ ਦਾ ਕੀ ਰੂਪ ਏ, ਕੋਈ ਦੱਸ ਸਕਦਾ ਏ। ਮੈਂ ਵੀ ਤੇ ਰੱਬ ਦੀ ਬੰਦੀ

ਹਾਂ। ਮੈਨੂੰ ਵੀ ਤੇ ਰੱਬ ਨੇ ਬਣਾਇਆ ਏ। ਮੈਨੂੰ ਵੀ ਤੇ ਰੱਬ ਨੇ ਭੇਜਿਆ ਏ। ਮੈਂ ਰੱਬ ਤੋਂ ਵੱਖਰੀ ਥੋੜ੍ਹੀ ਹਾਂ। ਮੈਂ ਰੱਬ ਤੋਂ ਮੁਨਕਰ ਨਹੀਂ। ਮੈਂ ਰੱਬ ਤੋਂ ਆਕੀ ਨਹੀਂ। ਕੀ ਮੈਂ ਏਸ ਪੁਰ ਾ ਦੀ ਮਦਦ ਕਰ ਸਕਦੀ ਹਾਂ। ਕੀ ਹੋਇਆ ਜੇ ਮੈਂ ਕਾਸੇ ਜੋਗੀ ਨਹੀਂ। ਉਹ ਏਸ ਤਰ੍ਹਾਂ ਸੱਚ ਰਹੀ ਸੀ।

ਬੇਹੋਸ਼ ਸੱਚਨ ਸੱਚ ਪਿਆ ਹੋਇਆ ਸੀ, ਲਾਵਾਰਸ। ਉਸ ਔਰਤ ਨੇ ਚਾਰ ਚੁਫ਼ੇਰੇ ਨਜ਼ਰ ਦੁੜਾਈ ਕਿਤੇ ਪਾਣੀ ਨਜ਼ਰ ਪੈ ਜਾਵੇ ਤੇ ਉਹਦੇ ਮੂੰਹ ਵਿਚ ਚੋਇਆ ਜਾਵੇ। ਅਚਾਨਕ ਚੇਤਾ ਆਇਆ, ਓਦਾਂ ਤੇ ਚੇਤੰਨ ਸੀ । ਉਹ ਇਕ ਛੱਪੜੀ ਦੇ ਕੰਢੇ ਤੇ ਚਲੀ ਗਈ। ਪਾਣੀ ਦੀ ਉਹਨੂੰ ਬਹੁਤ ਜ਼ਰੂਰਤ ਸੀ ਪਰ ਪਾਣੀ ਲੈ ਕੇ ਜਾਏ ਕਿਹਦੇ ਵਿਚ। ਗੜਵੀ ਨਹੀਂ, ਲੋਟਾ ਨਹੀਂ, ਗਲਾਸ ਨਹੀਂ ਤੇ ਪਾਣੀ ਚਾਹੀਦਾ ਵੀ ਬਹੁਤ ਜ਼ਰੂਰੀ ਏ। ਆਖ਼ਰ ਉਹਨੂੰ ਝੱਟ ਈ ਫਹੁੜੀ। ਉਹਦੇ ਗਲ ਵਿਚ ਦੁਪੱਟਾ ਸੀ, ਓਸ ਉਹਨੂੰ ਪਾਣੀ ਵਿਚ ਡਬਿਆ ਤੇ ਬੁੱਕ ਵਿਚ ਧਰ ਕੇ ਲੈ ਆਈ। ਓਸ ਬੜੇ ਪਿਆਰ, ਮੁਹੱਬਤ ਤੇ ਉਨਸ ਨਾਲ ਸੱਚਨ ਸੱਚ ਦੇ ਮੂੰਹ ਵਿਚ ਚੋਇਆ। ਇਕ ਵਾਰ, ਦੋ ਵਾਰ, ਜਦ ਪਾਣੀ ਦੇ ਤੁਪਕੇ ਸੱਚਨ ਸੱਚ ਦੇ ਮੂੰਹ ਵਿਚ ਪਏ ਤਾਂ ਓਸ ਅੱਖਾਂ ਪੁੱਟੀਆਂ ਤੇ ਜ਼ਰਾ ਕੁ ਹੋਸ਼ ਵਿਚ ਆਇਆ :

ਆਖਣ ਲੱਗਾ ਸੱਚਨ ਸੱਚ, ਮੈਨੂੰ ਕੀ ਹੋਇਆ ਏ। ਮੈਂ ਕਿੱਥੇ ਹਾਂ, ਤੂੰ ਕੌਣ ਏਂ ?

-ਮੈਂ ਰੱਬ ਦੀ ਬੰਦੀ ਹਾਂ। ਫ਼ਿਕਰ ਨਾ ਕਰੋ ਤੁਸੀ ਹੋਸ਼ ਸੰਭਾਲੋ, ਤੁਹਾਨੂੰ ਮੇਰੀ ਮਦਦ ਦੀ ਲੋੜ ਏ।

-ਗੁਰੂ ਰਾਖਾ ! ਮੇਰੀ ਗੁਰੂ ਆਪ ਮਦਦ ਕਰੇਗਾ।

-ਬੰਦਾ ਬੰਦੇ ਦਾ ਦਾਰੂ ਏ।

-ਦਰੱਖਤ ਡਿੱਗਿਆ ਤੇ ਮੈਂ ਜਿਹੀ ਭੁਆਟਣੀ ਖਾਧੀ, ਸਿਰ ਪਰਨੇ ਡਿੱਗਾ, ਸਿਰ ਦੀ ਸੱਟ ਸੀ, ਸੁਧ ਬੁਧ ਹੀ ਗਵਾ ਬੈਠਾ।

-ਫ਼ਿਕਰ ਨਾ ਕਰੋ, ਹੁਣ ਤੁਹਾਨੂੰ ਸੱਤੇ ਖੈਰਾਂ ਨੇ।

-ਗੁਰੂ-ਗੁਰੂ ਆਖਦਾ ਉੱਠ ਖਲੋਤਾ ਸੱਚਨ ਸੱਚ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ। ਇਹਦੇ ਵਿਚ ਧੰਨਵਾਦ ਕਰਨ ਦੀ ਕੋਈ ਲੋੜ ਨਹੀਂ, ਇਹ ਮੇਰਾ ਫਰਜ਼ ਏ। ਹੁਣ ਉਹਨੇ ਬੜੇ ਗਹੁ, ਪਿਆਰ, ਉਨਸ ਨਾਲ ਵੇਖਿਆ ਸੱਚਨ ਸੱਚ ਨੂੰ। ਉਹਦਾ ਦਿਲ ਭਰ ਗਿਆ, ਉਹਦੀਆਂ ਅੱਖਾਂ ਵਿਚ ਪਿਆਰ ਦਾ ਸੋਮਾ ਚਮਕਿਆ। ਮੁਹੱਬਤ ਦੀ ਚਿੰਗਾੜੀ ਫੁੱਟੀ ਉਹਦੇ ਸੀਨੇ ਅੰਦਰ। ਪਿਆਰ ਦੇ ਵਲਵਲੇ ਉੱਠੇ ਵੀ ਤੇ ਨਾਭੀ ਦੇ ਸਮੁੰਦਰ ਵਿਚੋਂ। ਉਹਦੀਆਂ ਅੱਖਾਂ ਵਿਚ ਮੁਹੱਬਤ ਝਾਕਣ ਲੱਗ ਪਈ। ਉਹਨੂੰ ਪਿਆਰ ਜਿਹਾ ਹੋ ਗਿਆ ਇਕ ਪਰ ਦੇਸੀ ਲੱਕੜਹਾਰੇ ਨਾਲ।

-ਗੁਰੂ ਭਲਾ ਕਰੇ। ਇਹ ਸ਼ਬਦ ਸੱਚਨ ਸੱਚ ਦੇ ਮੂੰਹ ਵਿਚੋਂ ਨਿਕਲੇ ਸਨ। ਟਿਕ ਟਿਕੀ ਬੰਨ੍ਹ ਕੇ ਵੇਖ ਰਹੀ ਸੀ ਉਹ ਪਾਗਲ ਤੀਵੀਂ।

-ਕੀ ਗੱਲ ਏ ?

-ਕੁਝ ਨਹੀਂ ਐਵੇਂ ਦਿਲ ਆ ਗਿਆ ਏ। ਵੇਖ ਰਹੀ ਹਾਂ ਸੁਹਾਡੇ ਵੱਲ।

-ਚੰਗਾ ਮੈਂ ਜਾਂਦਾ ਹਾਂ।

-ਮੈਨੂੰ ਵੀ ਨਾਲ ਲੈ ਚਲੋ। ਜਿੱਥੇ ਤੁਸੀਂ ਚਾਰ ਗਰਾਹੀਆਂ ਖਾਓਗੇ, ਉਹਦੇ ਵਿਚੋਂ ਇਕ ਗਰਾਹੀ ਜੂਠੀ ਛੱਡ ਦੇਣਾ ਮੈਂ ਉਹਦੇ ਨਾਲ ਢਿੱਡ ਭਰ ਲਵਾਂਗੀ। ਮੈਂ ਜੰਗਲੀ ਕੁੱਤੇ ਵਾਂਗੂੰ ਫਿਰ-ਫਿਰ ਕੇ ਆਪਣੀ ਜੜ੍ਹ ਪੁੱਟ ਲਈ ਏ। ਮੇਰੀ ਬਾਂਹ ਫੜੀ ਜੇ ਤਾਂ ਮੈਨੂੰ ਕਿਨਾਰੇ ਲਾ ਛੱਡ। ਓਸ ਪਾਗਲ ਤੀਵੀਂ ਨੇ ਇਕ ਅਰਜ਼ੋਈ ਕੀਤੀ।

-ਨ-ਨ-ਨਾ, ਮੈਂ ਤੈਨੂੰ ਆਪਣੇ ਨਾਲ ਲਿਜਾ ਨਹੀਂ ਸਕਦਾ। ਮੇਰਾ ਗੁਰੂ ਕੀ -ਆਖੇਗਾ, ਲੋਕ ਕੀ ਆਖਣਗੇ।

ਓਸ ਉਹਦੇ ਪੈਰ ਫੜ ਲਏ, ਛੱਡੇ ਈ ਨਾ। ਤੁਸੀਂ ਮੇਰੇ ਨਾਲ ਏਨਾ ਜ਼ੁਲਮ ਨਾ ਕਰੋ। ਤੁਹਾਨੂੰ ਆਪਣੇ ਗੁਰੂ ਦਾ ਵਾਸਤਾ। ਉਹਨੂੰ ਝੱਟ ਈ ਆਪਣੀ ਸਾਰੀ ਕਹਾਣੀ ਚੇਤੇ ਆ ਗਈ। ਮੈਂ ਰਾਣੀ ਸਾਂ, ਤੇ ਮੈਂ ਹੁਣ ਕੀ ਹਾਂ।

ਜਦੋਂ ਨਾਂਹ ਪੱਕੀ ਹੁੰਦੀ ਵੇਖੀ ਤੀਵੀਂ ਨੇ ਤੇ ਝੱਟ ਈ ਉਹਦਾ ਚਿਹਰਾ ਬਦਲ ਗਿਆ, ਲਾਲ ਸੂਹਾ। ਸਿਰ ਦੀ ਸੱਟ ਸੀ ਉਹ ਸਭ ਕੁਝ ਭੁੱਲ ਗਈ। ਉਹਦੇ ਵਾਲ ਖਿੱਲਰ ਗਏ, ਸ਼ਕਲੋਂ ਬੇਸ਼ਕਲ ਹੋ ਗਈ। ਹੁਣ ਉਹ ਤੀਵੀਂ ਨਹੀਂ ਸੀ। ਡੈਣ ਜਾਪਣ ਲੱਗ ਪਈ, ਡਰਾਉਣੀ, ਖ਼ੌਫ਼ਨਾਕ, ਹੁਣ ਉਹਨੂੰ ਸੁਧ ਬੁਧ ਨਾ ਰਹੀ। ਉਹਨੂੰ ਇਕ ਬਹੁਤ ਵੱਡੀ ਸੱਟ ਲੱਗੀ ਸੀ ਦਿਲ ਤੇ। ਉਹਦੇ ਤੌਰ ਬਦਲ ਗਏ। ਦੁਨੀਆਂ ਬੜੀ ਬੇਦਰਦ ਏ, ਦੁਨੀਆਂ ਬੜੀ ਜਲਦੀ ਅਹਿਸਾਨ ਭੁੱਲ ਜਾਂਦੀ ਏ।

ਸੱਚਨ ਸੱਚ ਡਰ ਗਿਆ, ਤਬਕਿਆ, ਡੌਰ ਭੌਰਾ ਹੋਇਆ। ਪਿੱਛਾ ਛੁਡਾ ਕੇ ਨੱਸ ਗਿਆ, ਕੁਹਾੜਾ ਓਥੇ ਹੀ ਛੱਡ ਗਿਆ। ਡੈਣ-ਭੈਣ-ਡੌਣ ਆਵਾਜ਼ਾਂ ਸਾਰੇ ਜੰਗਲ ਵਿਚ ਗੂੰਜ ਉੱਠੀਆਂ।

.............................................................

# ਕੁਦਰਤ, ਅਦਬ, ਮਸ਼ੀਨ ਤੇ ਮਾਨਵ



**ਆਤਮਜੀਤ**
**98760-18501**

ਅਸੀਂ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਭਾਵ ਮਸਨੂਈ ਸਿਆਣਪ ਦੇ ਬਿਲਕੁਲ ਨਵੇਂ ਮਸ਼ੀਨੀ ਦੌਰ ਦੇ ਅੰਦਰ ਹਾਂ ਅਤੇ ਸਾਡੇ ਸਾਹਮਣੇ ਅਨੇਕ ਚੁਣੌਤੀਆਂ ਹਨ। ਕਈਆਂ ਨੂੰ ਤੌਖ਼ਲਾ ਹੈ ਕਿ ਜਦੋਂ ਹੁਣ ਚੈਟ-ਜੀ.ਪੀ.ਟੀ. ਵਰਗੀਆਂ ਐਪਸ ਨਾਲ ਕਹਾਣੀ, ਨਾਵਲ ਜਾਂ ਲੇਖ ਲਿਖਿਆ ਜਾ ਸਕਦਾ ਹੈ ਤਾਂ ਪਰੰਪਰਾਗਤ ਸਾਹਿਤਕਾਰਾਂ ਦੇ ਲਿਖੇ ਦੀ ਕੀ ਸਾਰਥਕਤਾ ਹੈ? ਇਸ ਯੁੱਗ ਵਿੱਚ ਹੋਰ ਵੀ ਬਹੁਤ ਸਾਰੀਆਂ ਮਸ਼ੀਨਾਂ ਬਣ ਚੁੱਕੀਆਂ ਹਨ, ਜਿਹੜੀਆਂ ਨਿਊਕਲਾਈ ਊਰਜਾ ਨੂੰ 'ਕੱਠਾ ਕਰ ਕੇ ਮਾਰੂ ਗੋਲੇ ਬਣਾਉਂਦੀਆਂ ਹਨ, ਜੋ ਦੁਨੀਆਂ ਦੀ ਕਿਸੇ ਵੀ ਨੁੱਕਰੇ ਸੁੱਟ ਕੇ ਜ਼ਿੰਦਗੀ ਅਤੇ ਸੱਭਿਅਤਾ ਤਬਾਹ ਕਰ ਸਕਦੀਆਂ ਹਨ। ਤੇਜ਼ ਰਫ਼ਤਾਰ ਜੈੱਟ ਆਧੁਨਿਕ ਮਿਜ਼ਾਈਲਾਂ ਨਾਲ ਘਰ ਬੈਠਿਆਂ ਨੂੰ ਨੇਸਤੋ-ਨਾਬੂਦ ਕਰ ਦਿੰਦੇ ਹਨ। ਲੈਬ ਵਿੱਚ ਬਣਿਆਂ ਵਾਇਰਸ ਖ਼ਲਕਤ ਨੂੰ ਖ਼ਾਤਮੇ ਦੇ ਰਾਹੇ ਪਾ ਸਕਦਾ ਹੈ। ਆਮ ਬੰਦੇ ਦੀ ਆਪਣੀ ਕੀ ਹਸਤੀ ਹੈ? ਜਦੋਂ ਮਸ਼ੀਨ ਏਨੀ ਵੱਡੀ ਤੇ ਬੰਦਾ ਆਪਣੇ-ਆਪ ਵਿੱਚ ਏਨਾ ਛੋਟਾ ਹੈ ਤਾਂ ਉਸ ਦੇ ਅਦਬ ਦੀ ਕੀ ਅਹਿਮੀਅਤ ਹੈ? ਸਾਡਾ ਕੁਦਰਤ ਅਤੇ ਮਸ਼ੀਨ ਜਾਂ ਵਿਗਿਆਨ ਨਾਲ ਹੁਣ ਬਹੁਤ ਸੁਖਾਵਾਂ ਰਿਸ਼ਤਾ ਨਹੀਂ ਹੈ। ਇਸ ਸੰਬੰਧਚਾਰੇ ਦਾ ਲੰਮੇ ਸਮੇਂ ਲਈ ਨਿਭਣਾ ਮੁਸ਼ਕਲ ਜਾਪਦੈ ਪਰ ਇਹ ਤਿੰਨੇ ਹੋਂਦਾਂ-ਮਾਨਵ, ਕੁਦਰਤ ਅਤੇ ਮਸ਼ੀਨ-ਆਪੋ ਵਿੱਚ ਬੜੇ ਗੁੰਝਲਦਾਰ ਰਿਸ਼ਤੇ ਵਿੱਚ ਬੱਝੀਆਂ ਹੋਈਆਂ ਹਨ। ਅੱਜ ਇਨ੍ਹਾਂ ਦੇ ਆਪਸੀ ਸੰਬੰਧਾਂ ਨੂੰ ਖੋਲ੍ਹਣ-ਪਰਖਣ ਦਾ ਸਮਾਂ ਹੈ; ਇਹ ਜਾਣਨ ਦਾ ਕਿ ਪੇਚੀਦਗੀ ਦੇ ਇਸ ਸੰਕਟ ਵਿਚ ਅਦਬ ਦਾ ਕੋਈ ਅਰਥ ਬਚਿਆ ਹੈ ਕਿ ਨਹੀਂ। ਇਹ ਚਰਚਾ ਸਾਨੂੰ ਆਪਣੇ-ਆਪ, ਸਮਾਜ ਅਤੇ ਸਾਰੇ ਸੰਸਾਰ ਨੂੰ ਡੂੰਘਾਈ ਨਾਲ ਸਮਝਣ ਦੇ ਰਾਹ ਪਾ ਸਕਦੀ ਹੈ।

**ਪ੍ਰਕਿਰਤੀ ਅਤੇ ਮਾਨਵ**

ਭਾਵੇਂ ਕੁਦਰਤ ਅੰਦਰ ਵੀ ਮਸ਼ੀਨ ਵਰਗੀ ਕੋਈ ਹੋਂਦ ਹੈ, ਜਿਹੜੀ ਸਾਰੇ ਬ੍ਰਹਿਮੰਡ ਨੂੰ ਚਲਾ ਰਹੀ ਹੈ, ਪਰ ਬੰਦੇ ਦੀ ਬਣਾਈ 'ਮਸ਼ੀਨ' ਅਤੇ 'ਕੁਦਰਤ ਦੀ ਮਸ਼ੀਨ' ਅਜਿਹੇ ਵਰਤਾਰੇ ਹਨ, ਜਿਹੜੇ ਅਸਲ ਵਿਚ ਪਰਸਪਰ ਵਿਰੋਧੀ ਹਨ। ਇਨਸਾਨ ਨੇ ਮਸ਼ੀਨ ਦੀ ਈਜਾਦ ਕੁਦਰਤ ਦੀਆਂ ਚੁਣੌਤੀਆਂ ਦੇ ਮੁਕਾਬਲੇ ਲਈ ਕੀਤੀ ਸੀ। ਟੈਲੀਫ਼ੋਨ, ਬਿਜਲੀ ਦਾ ਬੱਲਬ, ਛਾਪੇ ਦੀ ਮਸ਼ੀਨ, ਕੰਪਾਸ, ਕੰਪਿਊਟਰ ਆਦਿ ਬੜੀਆਂ ਮਹੱਤਵਪੂਰਨ ਘਾੜਤਾਂ ਹਨ, ਜਿਨ੍ਹਾਂ ਦਾ ਮੰਤਵ ਕੁਦਰਤ ਵੱਲੋਂ ਬਣਾਈ ਧਰਤੀ ਅਤੇ ਜੀਵਨ ਨੂੰ ਵਧੇਰੇ ਕਾਰਗਰ ਕਰਨਾ ਸੀ। ਕੁਦਰਤ ਨੇ ਮਨੁੱਖ ਨੂੰ ਦੋ ਲੱਤਾਂ ਦਿੱਤੀਆਂ ਸਨ, ਪਰ ਉਹ ਦੂਰ ਤੱਕ ਪਹੁੰਚਣਾ ਚਾਹੁੰਦਾ ਸੀ। ਅਜੇ ਵੀ ਉਸ ਦੀ ਤਲਾਸ਼ ਜਾਰੀ ਹੈ। ਉਸਨੇ ਆਪਣੀ ਗਤੀ ਨੂੰ ਤੇਜ਼ ਅਤੇ ਪ੍ਰਭਾਵ-ਖੇਤਰ ਨੂੰ ਵਿਸ਼ਾਲ ਕਰਨ ਲਈ ਪਹਿਲਾਂ ਪਹੀਆ, ਸਟੀਮ, ਗੈਸਾਂ ਤੇ ਫਿਰ ਬਿਜਲੀ ਨਾਲ ਚੱਲਣ ਵਾਲੇ ਇੰਜਣ ਈਜਾਦ ਕੀਤੇ। ਪ੍ਰਕਿਰਤੀ ਨੇ ਅਸਮਾਨ ਨੂੰ ਪੰਛੀਆਂ ਵਾਸਤੇ ਅਤੇ ਸਮੁੰਦਰ ਨੂੰ ਜਲ-ਜਾਨਵਰਾਂ ਵਾਸਤੇ ਰਾਖਵਾਂ ਰੱਖਿਆ ਸੀ। ਪਰ ਬੰਦਾ ਹੌਲੀ-ਹੌਲੀ ਧਰਤੀ ਤੋਂ ਪੁਲਾੜ ਵਿਚ ਛੱਡੇ ਜਾਣ ਵਾਲੇ ਉਪਗ੍ਰਹਿਆਂ ਅਤੇ ਸਮੁੰਦਰ ਦੀ ਸਤਹ ਨੂੰ ਛੋਹ ਲੈਣ ਵਾਲੇ ਯੰਤਰਾਂ ਨਾਲ ਲੈੱਸ ਹੋ ਗਿਆ। ਜਿੱਥੋਂ ਤੱਕ ਜਿਗਿਆਸਾ ਅਤੇ ਅੱਗੇ ਵਧਣ ਦੀ ਮੂਲ ਰੁਚੀ ਹੈ, ਉਸ ਨੂੰ ਰੱਦਿਆ ਨਹੀਂ ਜਾ ਸਕਦਾ। ਇਹ ਮਨੁੱਖੀ ਪ੍ਰਕਿਰਤੀ ਹੈ। ਇਸੇ ਕਰਕੇ ਉਸ ਨੇ ਪਿਛਲੇ ਕੁਝ ਸੋ ਸਾਲਾਂ ਵਿਚ ਵੱਡੀਆਂ ਪੁਲਾਂਘਾਂ ਪੁੱਟੀਆਂ ਹਨ ਅਤੇ ਬਹੁਤ ਕੁਝ ਤੋਂ ਕੁਝ ਨਵਾਂ ਸਿਰਜਿਆ ਹੈ। ਪਰ ਇਸ ਪ੍ਰਕਿਰਿਆ ਵਿਚ ਜਿਹੜਾ ਨੁਕਸਾਨ ਹੋਇਆ ਹੈ, ਉਸ ਬਾਰੇ ਕੁਝ ਸਮੇਂ ਤੋਂ ਹੀ ਧਿਆਨ ਗਿਆ ਹੈ। ਗਲੋਬਲ ਵਾਰਮਿੰਗ ਆਦਿ ਸ਼ਬਦਾਂ ਦੀ ਵਰਤੋਂ ਨਿਸਬਤਨ ਨਵੀਂ ਹੈ।

ਮਾਨਵ ਕੋਲ ਮਸ਼ੀਨ ਅਤੇ ਅਦਬ ਦੋਹਾਂ ਤੋਂ ਪਹਿਲਾਂ

ਕੁਦਰਤ ਸੀ, ਜਿਸ ਦੀ ਅਜੇ ਵੀ ਪੂਰੀ ਬਾਹ ਨਹੀਂ ਪਈ। 'ਧਰਤੀ ਹੋਰ ਪਰ੍ਹੇ ਹੋਰ ਹੋਰ ਹੈ' ਅਤੇ ਉਨ੍ਹਾਂ ਧਰਤੀਆਂ ਦੇ 'ਥੱਲ੍ਹੇ ਕਿਸ ਦਾ ਜ਼ੋਰ ਹੈ; ਇਸ ਦੇ ਸਿਧਾਂਤ ਤਾਂ ਘੜੇ ਗਏ ਹਨ ਪਰ ਵਿਕਸਿਤ ਸੈਟੇਲਾਈਟਾਂ, ਦੂਰਬੀਨਾਂ ਅਤੇ ਕੈਮਰਿਆਂ ਦੇ ਬਾਵਜੂਦ ਬਹੁਤ ਕੁਝ ਸਾਡੀ ਪਕੜ ਤੋਂ ਬਾਹਰ ਹੈ। ਪਰ ਕੁਦਰਤ ਜਾਂ ਨੇਚਰ ਇਕ ਅਜਿਹਾ ਵਰਤਾਰਾ ਹੈ, ਜਿਸ ਦੇ ਆਪਣੇ ਵੱਡੇ ਪਾਸਾਰ ਹਨ। ਜਿਹੜੀ ਕੁਦਰਤ ਬੰਦੇ ਤੋਂ ਬਾਹਰ ਹੈ, ਉਸ ਨੂੰ ਅਸੀਂ ਐਸਟਰੋਨੌਮੀ (ਸੂਰਜ, ਚੰਦ, ਤਾਰੇ, ਗ੍ਰਹਿ, ਗਲੈਕਸੀਆਂ, ਬ੍ਰਹਿਮੰਡ ਆਦਿਕ), ਜੀਓਲੋਜੀ (ਚੌਟਾਨਾਂ, ਖਣਿਜ, ਮਿੱਟੀ, ਪਾਣੀ, ਵਾਲਕੇਨੋ, ਭੂਚਾਲ, ਧਰਤੀ ਦੀ ਬਣਤਰ, ਪਥਰਾਟ, ਤੇਲ, ਗੈਸਾਂ ਆਦਿਕ), ਫਿਜ਼ਿਕਸ, ਕੈਮਿਸਟਰੀ ਆਦਿਕ ਖ਼ਾਨਿਆਂ ਰਾਹੀਂ ਦੇਖਦੇ ਹਾਂ। ਇਵੇਂ ਹੀ ਬਾੱਟਨੀ, ਜ਼ੁਓਲੌਜੀ ਆਦਿਕ ਦੇ ਰੂਪ ਵਿਚ ਵੀ ਅਸੀਂ ਉਸ ਨੂੰ ਸਮਝਦੇ ਹਾਂ। ਈਕੋਲੋਜੀ ਵਿਚ ਪਤਾ ਲੱਗਦਾ ਹੈ ਕਿ ਮਨੁੱਖ ਦੇ ਬਾਹਰਲੇ ਅਤੇ ਅੰਦਰਲੇ ਸੰਸਾਰ ਦਾ ਕੀ ਸੰਬੰਧ ਹੈ, ਜਾਨਵਰ ਅਤੇ ਪੌਦੇ ਦਾ ਬੰਦੇ ਦੀ ਜ਼ਿੰਦਗੀ ਨਾਲ ਕਿਵੇਂ ਨੇੜਤਾ ਵਾਲਾ ਨਾਤਾ ਹੈ ਅਤੇ ਉਹ ਕਿਸ ਤਰ੍ਹਾਂ ਇਕ-ਦੂਜੇ ਨੂੰ ਪ੍ਰਭਾਵਿਤ ਕਰਦੇ ਹਨ। ਇਵੇਂ ਹੀ ਜਿਓਗਰਾਫ਼ੀ ਵਿਚ ਅਸੀਂ ਧਰਤੀ ਅਤੇ ਉਸ ਦੇ ਮੌਸਮ ਨੂੰ ਦੇਖ ਕੇ ਮਨੁੱਖ ਨਾਲ ਉਸ ਦਾ ਨਾਤਾ ਜਾਣਦੇ ਹਾਂ।

ਪਰ ਕੁਦਰਤ ਜਾਂ ਪ੍ਰਕਿਰਤੀ ਦਾ ਇੱਕ ਅਜਿਹਾ ਭਾਗ ਵੀ ਹੈ, ਜਿਹੜਾ ਪੂਰੀ ਤਰ੍ਹਾਂ ਬੰਦੇ ਦੇ ਅੰਦਰ ਹੈ; ਉਹ ਹੈ ਉਸ ਦਾ ਸੁਭਾਅ, ਭਾਵਨਾਵਾਂ, ਹੁਲਾਰੇ, ਜਜ਼ਬੇ ਆਦਿਕ। ਉਸ ਦਾ ਇਹ ਅਦ੍ਰਿਸ਼ ਸੰਸਾਰ ਬੜਾ ਗੁੰਝਲਦਾਰ ਹੈ, ਜਿਸ ਨੂੰ ਮਨੋਵਿਗਿਆਨ ਦੇ ਰੂਪ ਵਿਚ ਸਮਝਣ ਦੀ ਕੋਸ਼ਿਸ਼ ਹੁੰਦੀ ਹੈ। ਕੁਦਰਤ ਦਾ ਮਾਨਵ-ਬਾਹਰੀ ਪਸਾਰਾ ਅਤੇ ਮਨੁੱਖ ਦੇ ਅੰਦਰਲਾ ਸੰਸਾਰ, ਦੋਹਾਂ ਦੀਆਂ ਆਪਣੀਆਂ-ਆਪਣੀਆਂ ਪਰਤਾਂ ਹਨ। ਮਾਨਵ ਦੀ ਅੰਦਰੂਨੀ ਪ੍ਰਕਿਰਤੀ ਤਾਂ ਉਸ ਨੂੰ ਘੜਦੀ ਜਾਂ ਵਿਗਾੜਦੀ ਹੀ ਹੈ, ਬਾਹਰੀ ਕੁਦਰਤ ਵਿਚ ਵੀ ਜੋ ਵਾਪਰਦਾ ਹੈ, ਮਨੁੱਖ ਦੇ ਸਰੀਰ ਅਤੇ ਮਾਨਸਿਕਤਾ ਦੋਹਾਂ ਨੂੰ ਪ੍ਰਭਾਵਿਤ ਕਰਦਾ ਹੈ। ਯੁੱਧ ਵਿਚ ਗੋਲ਼ਾ ਫਟੇ ਤਾਂ ਉਨ੍ਹਾਂ ਦੀ ਮਾਨਸਿਕਤਾ ਵੀ ਪ੍ਰਭਾਵਿਤ ਹੁੰਦੀ ਹੈ, ਜਿਹੜੇ ਇਸ ਦੀ ਲਪੇਟ ਵਿਚ ਨਹੀਂ ਆਉਂਦੇ। ਉਹ ਸੈੱਲ-ਸ਼ੱਕ ਦੇ ਸ਼ਿਕਾਰ ਹੁੰਦੇ ਹਨ, ਜਿਹੜੀ ਮਾਨਸਿਕਤਾ ਰੋਲਦੀ ਹੈ। ਪਰ ਹੈਰਤ ਹੈ ਕਿ ਬਾਹਰੀ ਕੁਦਰਤ ਨੂੰ ਬੰਦੇ ਨੇ ਲੋੜੋਂ ਵੱਧ ਕਾਬੂ ਕਰਨ ਅਤੇ ਅੰਦਰਲੀ ਪ੍ਰਕਿਰਤੀ ਨੂੰ ਲੋੜੋਂ ਵੱਧ ਬੇਕਾਬੂ ਕਰਨ ਦੀ ਕੋਸ਼ਿਸ਼ ਕੀਤੀ ਹੈ। ਦਰਅਸਲ ਇਹੋ ਆਪਹੁਦਰਾਪਣ ਹੈ। ਮਰਦ ਦੀ ਅੰਦਰੂਨੀ ਕਾਮੁਕ ਪ੍ਰਕਿਰਤੀ ਦਾ ਸਰਬਜੀਤ ਕੌਰ ਜੱਸ ਖ਼ੂਬਸੂਰਤ ਜ਼ਿਕਰ ਕਰਦੀ ਹੈ: "ਮੈਂ ਤਾਂ/ਨੰਗੀ ਰੂਹ ਲੈ ਕੇ ਗਈ ਸੀ ਉਸ ਦੇ ਦੁਆਰ/ਉਸ ਦੀ ਭਟਕੀ ਨਜ਼ਰ/ਮੇਰੇ ਜਿਸਮ ਦਾ ਕੱਜਣ ਤਲਾਸ਼ਣ ਲੱਗੀ/ਮੈਂ/ਜੋ ਪੌਣ ਬਣ ਕੇ ਗਈ ਸੀ/ਪਰਤ ਆਈ ਪਾਣੀਓਂ ਪਤਲੀ ਹੋ ਕੇ।"

ਮਨੁੱਖੀ ਮਨ ਤੋਂ ਬਾਹਰ ਕੀ ਵਾਪਰਦਾ ਹੈ, ਹੁਣ ਇਸ ਦਾ ਨੇੜਲਾ ਦਿਸ਼ ਦੇਖੀਏ। ਪੁਸਤਕ The Wieght of Nature ਦਾ ਲੇਖਕ ਕਲੇਟਨ ਆਲਡਰਨ ਦੱਸਦਾ ਹੈ ਕਿ 1896 ਨਵੀਆਂ ਕਾਢਾਂ ਅਤੇ ਖੋਜਾਂ ਦਾ ਸਾਲ ਸੀ, ਜਦੋਂ ਐਕਸ ਰੇ ਦੀ ਕਾਢ ਨਿਕਲੀ। ਇਸੇ ਸਾਲ ਪਤਾ ਲੱਗਾ ਕਿ ਕੈਨੇਡਾ ਦੀ ਯੂਕੋਨ ਟੈਰੀਟਰੀ ਵਿਚ ਧਰਤੀ ਹੇਠਾਂ ਬਹੁਤ ਸਾਰਾ ਸੋਨਾ ਹੈ। ਪਰ 1894 ਵਿਚ ਹੀ ਸਵੀਡਨ ਦੇ ਵਿਗਿਆਨੀ ਆਰਹੀਨੀਅਸ ਨੇ ਖੁਲਾਸਾ ਕੀਤਾ ਕਿ ਕੋਲੇ ਅਤੇ ਪੈਟਰੋਲੀਅਮ ਵਰਗੇ ਜੈਵਿਕ ਬਾਲਣਾਂ (ਫ਼ੌਸਿਲ ਫ਼ਿਊਲ) ਨਾਲ ਜਿਹੜੀ ਕਾਰਬਨ ਡਾਇਆਕਸਾਈਡ ਪੈਦਾ ਹੁੰਦੀ ਹੈ, ਉਹ ਧਰਤੀ ਦੇ ਵਾਤਾਵਰਨ ਵਿਚ ਟਿਕ ਜਾਂਦੀ ਹੈ ਅਤੇ ਸੂਰਜ ਦੀ ਤਪਸ਼ ਨੂੰ ਆਪਣੇ ਅੰਦਰ ਸਮੇਂ ਲੈਂਦੀ ਹੈ। ਇਸ ਨਾਲ ਧਰਤੀ ਦੀ ਸਤਹ ਕਿਸੇ ਘਰ ਦੇ ਜੇਠ-ਹਾੜ੍ਹ ਵਿਚ ਤਪੇ ਸ਼ੀਸ਼ਿਆਂ ਵਾਂਗ ਗਰਮ ਹੋ ਸਕਦੀ ਹੈ। ਜਦੋਂ ਐਕਸ ਰੇ ਦੀ ਕਾਢ ਨਿਕਲੀ ਤਾਂ ਆਲਡਰਨ ਕਹਿੰਦਾ ਹੈ ਕਿ ਸਾਲ ਦੇ ਅੰਦਰ-ਅੰਦਰ ਉਸ ਦੇ ਲਾਭ ਅਤੇ ਹਾਨੀਆਂ ਉਤੇ ਹਜ਼ਾਰਾਂ ਦੀ ਗਿਣਤੀ ਵਿਚ ਲੇਖ ਲਿਖੇ ਗਏ। ਨਵਾਂ ਲੱਭਿਆ ਸੋਨਾ ਕੱਢਣ ਲਈ ਸਾਲ ਦੇ ਅੰਦਰ-ਅੰਦਰ ਇਕ ਲੱਖ ਲੋਕ ਆਪਣਾ ਬੋਰੀਆ-ਬਿਸਤਰਾ ਲੈ ਕੇ ਉੱਥੇ ਪਹੁੰਚ ਗਏ, ਹਾਲਾਂਕਿ ਇਹ ਜੋਖ਼ਮ ਵਾਲਾ ਕੰਮ ਸੀ। ਪਰ 1896 ਵਿਚ ਪੇਸ਼ ਹੋਈ ਆਰਹੀਨੀਅਸ ਦੀ ਕਾਰਬਨ ਡਾਇਆਕ-ਸਾਈਡ ਵਾਲੀ ਰਿਪੋਰਟ ਕਈ ਦਹਾਕੇ ਧੂੜ ਵਿਚ ਹੀ ਰੁਲਦੀ ਰਹੀ।

ਕੁਦਰਤ ਨਾਲ ਜਿਹੜਾ ਧੱਕਾ ਹੁੰਦਾ ਹੈ, ਉਸ ਦੀਆਂ ਅਨੇਕ ਮਿਸਾਲਾਂ ਹਨ, ਪਰ ਕੁਝ ਗੱਲਾਂ ਅਜਿਹੀਆਂ ਹਨ, ਜਿਨ੍ਹਾਂ ਦਾ ਸਾਨੂੰ ਆਸਾਨੀ ਨਾਲ ਪਤਾ ਵੀ ਨਹੀਂ ਲੱਗਦਾ। 2011 ਵਿਚ ਤਾਇਵਾਨੀ ਵਿਗਿਆਨੀ ਹੌਂਗ ਯੰਗ ਯਾਨ ਦੀ ਅਗਵਾਈ ਵਿਚ ਖੋਜੀਆਂ ਦੀ ਇਕ ਟੀਮ ਨੇ ਇਹ ਪਰਖਣਾ ਸੀ ਕਿ ਸਮੁੰਦਰੀ ਪਾਣੀ ਆਉਣ ਵਾਲੇ ਵਕਤ ਵਿਚ ਕਿੰਨਾ ਕੁ ਤੇਜ਼ਾਬੀ ਹੋਵੇਗਾ। ਉਸ ਤੋਂ ਪਹਿਲਾਂ ਹੋਈਆਂ ਖੋਜਾਂ ਦੀ ਇਹ ਲੱਭਤ ਸੀ ਕਿ ਪਾਣੀ ਦਾ ਤੇਜ਼ਾਬੀਕਰਨ ਮੱਛੀਆਂ ਦੀ ਸੂਝ ਉਤੇ ਬੁਰਾ ਪ੍ਰਭਾਵ ਪਾ ਰਿਹਾ ਹੈ; ਉਹ ਦੁਸ਼ਮਣ ਅਤੇ ਮਿੱਤਰ

ਵਾਸ਼ਨਾ ਵਿਚ ਫ਼ਰਕ ਕਰਨਾ ਭੁੱਲ ਗਈਆਂ ਸਨ ਅਤੇ ਜਿੱਥੇ ਤੇਜ਼ਾਬੀ ਮਾਦਾ ਬਹੁਤ ਜ਼ਿਆਦਾ ਸੀ, ਉੱਥੇ ਉਨ੍ਹਾਂ ਦੀ ਸੁੰਘਣ ਦੀ ਤਾਕਤ ਵੀ ਖ਼ਤਮ ਹੋ ਗਈ ਸੀ। ਹੋਰ ਤਾਂ ਹੋਰ, ਉਨ੍ਹਾਂ ਮੱਛੀਆਂ ਨੇ ਆਵਾਜ਼ਾਂ ਨੂੰ ਵੀ ਸੁਣਨਾ ਛੱਡ ਦਿੱਤਾ ਸੀ; ਉਹ ਖ਼ਤਰਨਾਕ ਆਵਾਜ਼ਾਂ ਸੁਣ ਕੇ ਬਚਾਅ ਲਈ ਭੱਜਦੀਆਂ ਨਹੀਂ ਸਨ; ਮਾਰੀਆਂ ਜਾਂਦੀਆਂ ਸਨ। ਪਰ ਹੌਂਗ ਦੀ ਖੋਜ ਇਸ ਤੋਂ ਵੀ ਖ਼ਤਰਨਾਕ ਸਿੱਟੇ 'ਤੇ ਅੱਪੜੀ ਕਿ ਸਮੁੰਦਰ ਵਿਚ ਪਹੁੰਚੀ ਕਾਰਬਨ ਡਾਇਆਕਸਾਈਡ ਉਨ੍ਹਾਂ ਦੇ ਸੈਂਸਰੀ ਸਿਸਟਮ ਹੀ ਨਹੀਂ, ਨਰਵਸ ਸਿਸਟਮ ਨੂੰ ਵੀ ਪ੍ਰਭਾਵਤ ਕਰ ਰਹੀ ਸੀ। ਮੱਛੀਆਂ ਦਾ ਦਿਮਾਗ਼ ਸਿੱਥਲ ਹੋ ਗਿਆ ਸੀ, ਜਿਹੜਾ ਆਵਾਜਾਂ ਅਤੇ ਬੂਆਂ ਨੂੰ ਪ੍ਰਾਸੈੱਸ ਕਰਨੋਂ ਅਸਮਰੱਥ ਸੀ। ਸਾਲ ਬਾਅਦ ਹੋਈ ਇਕ ਹੋਰ ਖੋਜ ਦਾ ਵੀ ਇਹੋ ਨਤੀਜਾ ਸੀ।

ਜਦੋਂ ਸਮੁੰਦਰ ਦਾ ਪਾਣੀ ਗਰਮ ਹੁੰਦਾ ਹੈ ਤਾਂ ਉਹ ਵਾਤਾਵਰਨ ਵਿਚੋਂ ਆਪਣੇ ਅੰਦਰ ਜ਼ਿਆਦਾ ਕਾਰਬਨ ਡਾਇਆਕਸਾਈਡ ਸਮੇਟਦਾ ਹੈ। ਇਸ ਨਾਲ ਅਜਿਹੇ ਤੇਜ਼ਾਬੀ ਤੱਤ ਪੈਦਾ ਹੁੰਦੇ ਹਨ, ਜਿਹੜੇ ਮੱਛੀਆਂ ਵਿਚ ਸੈਕਸੀਟਾਕਸਿਨ ਪੈਦਾ ਕਰਦੇ ਹਨ। ਇਹ ਮੱਛੀਆਂ ਦੀ ਜਣਨ-ਸ਼ਕਤੀ ਲਈ ਚੰਗੇ ਹਨ, ਪਰ ਮਾਨਵ ਵਾਸਤੇ ਅਧਰੰਗ ਦਾ ਰੋਗ ਲਿਆਉਂਦੇ ਹਨ, ਜਿਸ ਨੂੰ ਪੀ.ਐਸ.ਪੀ. (Paralyitc Shellifsh Piosoinng) ਕਿਹਾ ਜਾਂਦਾ ਹੈ। ਸਾਡੇ ਖ਼ੂਨ ਵਿਚ ਜਾ ਕੇ ਇਹ ਅੱਧੇ ਘੰਟੇ ਵਿਚ ਕਾਰਜਸ਼ੀਲ ਹੋ ਜਾਂਦੇ ਹਨ। ਨਤੀਜੇ ਵਜੋਂ ਜੀਅ ਕੱਚਾ, ਉਲਟੀਆਂ, ਦਸਤ, ਅਧਰੰਗ ਅਤੇ ਅੰਤ ਮੌਤ ਹੁੰਦੀ ਹੈ। ਮੱਛੀ ਨੂੰ ਤਲਣ, ਉਬਾਲਣ ਜਾਂ ਬਰਫ਼ ਵਾਂਗ ਜਮਾ ਦੇਣ ਨਾਲ ਵੀ ਇਹ ਜ਼ਹਿਰ ਨਹੀਂ ਮਰਦਾ, ਭਾਵ ਫ਼ਰੀਜ਼ਰ 'ਚੋਂ ਖ਼ਰੀਦੀ ਅਤੇ ਅੱਗ 'ਤੇ ਪਕਾਈ ਇਸ ਮੱਛੀ ਅੰਦਰਲਾ ਜਹਿਰ ਕਾਇਮ ਰਹਿੰਦਾ ਹੈ। ਇਸ ਦੀ ਇਕ ਮਿਲੀਗਰਾਮ ਮਾਤਰਾ ਨਾਲ ਬੰਦਾ ਮਰ ਸਕਦਾ ਹੈ। ਇਸ ਦਾ ਕੋਈ ਤੋੜ ਜਾਂ ਐਂਟੀਡੋਟ ਵੀ ਨਹੀਂ ਹੈ। ਵਾਤਾਵਰਨ ਦੀ ਅਜਿਹੀ ਤਬਦੀਲੀ ਦੇ ਬਹੁਪੱਖੀ ਅਸਰ ਹੁੰਦੇ ਹਨ। ਇਹ ਸਾਡੀ ਯਾਦ-ਸ਼ਕਤੀ, ਬੋਧ ਜਾਂ ਅਨੁਭਤੀ 'ਤੇ ਅਸਰ ਪਾ ਸਕਦੀ ਹੈ: ਇਹ ਤਬਦੀਲੀ ਪਾਣੀ ਅਤੇ ਹਵਾ ਵਿਚ ਨਿਊਰੋ-ਟਾਕਸਿਨਜ਼ ਕਰਦੀ ਹੈ ਅਤੇ ਦਿਮਾਗੀ ਬੀਮਾਰੀਆਂ ਦਾ ਰਾਹ ਮੋਕਲਾ ਕਰ ਦਿੰਦੀ ਹੈ। ਇਹ ਤਬਦੀਲੀ ਕਿਸੇ ਵੀ ਅਣਚਾਹੀ ਘਟਨਾ ਤੋਂ ਬਾਅਦ ਹੋਣ ਵਾਲੀ ਮਾਨਸਿਕ ਉੱਥਲ-ਪੁੱਥਲ ਨੂੰ ਵਧਾ ਦਿੰਦੀ ਹੈ ਅਤੇ ਐਂਗਜ਼ਾਇਟੀ ਡਿਪਰੈਸ਼ਨ ਪੈਦਾ ਕਰਦੀ ਹੈ।

**ਪੰਜਾਬੀ ਅਦਬ ਅਤੇ ਮਾਨਵ**

ਪਰ ਮਾਨਵ ਲਗਾਤਾਰ ਪ੍ਰਕਿਰਤੀ ਦਾ ਨਾਸ ਮਾਰ ਰਿਹਾ ਹੈ। ਗੁਰੂ ਨਾਨਕ ਦੇਵ ਦੀ ਇਸ ਗੱਲ ਵਿਚ ਵੱਡਾ ਸੱਚ ਹੈ ਕਿ "ਪਵਨ ਗੁਰੂ, ਪਾਣੀ ਪਿਤਾ, ਮਾਤਾ ਧਰਤ ਮਹੱਤ; ਦਿਵਸ ਰਾਤ ਦੋਇ ਦਾਈ ਦਾਇਆ ਖੇਲੇ ਸਗਲ ਜਗਤ।" ਪਰ ਅਸੀਂ ਗੁਰੂ, ਮਾਂ ਅਤੇ ਪਿਤਾ-ਤਿੰਨਾਂ ਨਾਲ ਧ੍ਰੋਹ ਕਮਾਇਆ ਹੈ; ਦਿਨ-ਰਾਤ ਨੇ ਸਾਨੂੰ ਚਿਰੋਕਣਾ ਖਿਡਾਉਣਾ ਛੱਡ ਦਿੱਤਾ ਹੈ; ਬਲਕਿ ਅਸੀਂ ਉਸ ਨੂੰ ਪੜ੍ਹਨੇ ਪਾ ਦਿੱਤਾ ਹੈ। ਬੰਦੇ ਦੀ ਬਣਾਈ ਮਸ਼ੀਨ ਨੇ ਕੁਦਰਤ ਨੂੰ ਸਭ ਤੋਂ ਵੱਧ ਪ੍ਰਦੂਸ਼ਿਤ ਕੀਤਾ ਹੈ। ਜਦੋਂ ਤੱਕ ਮਸ਼ੀਨ ਨਾਲ ਮਿੱਤਰਤਾ ਅਤੇ ਕੁਦਰਤ ਨਾਲ ਕਰੋਪੀ ਦਾ ਟੀਚਾ ਜਿਗਿਆਸਾ ਅਤੇ ਰੋਜ਼-ਮੱਰ੍ਹਾ ਦੇ ਸੁਖ-ਸਹੂਲਤਾਂ ਦੀ ਤਲਾਸ਼ ਹੈ, ਉਦੋਂ ਤੱਕ ਗੱਲ ਸਮਝ ਆਉਂਦੀ ਹੈ। ਪਰ ਜਦੋਂ ਮਾਨਵ ਨੇ ਮਸ਼ੀਨ ਅਤੇ ਕੁਦਰਤ ਨਾਲ ਘੋਰ ਕਪਟ ਕਰਨੇ ਆਰੰਭੇ, ਸਾਹਿਤ ਜਾਂ ਅਦਬ ਦੀ ਭੂਮਿਕਾ ਵਡੇਰੀ ਹੋ ਗਈ ਹੈ। ਹੁਣ ਘਰਾਂ ਦੇ ਵਿਹੜੇ ਵਿਚੋਂ 'ਅੰਬੀ ਦਾ ਬੂਟਾ' ਖ਼ਤਮ ਹੋ ਗਿਆ ਹੈ, ਨਵੇਂ ਆਰਕੀਟੈਕਚਰ ਵਿਚ ਉਸ ਦੀ ਥਾਂ ਹੀ ਨਹੀਂ। ਉਸ ਦੀ ਛਾਂ ਨਾਲੋਂ ਏ ਸੀ. ਦੀ ਠੰਢਕ ਜ਼ਿਆਦਾ ਸੌਖੀ ਲੱਗਦੀ ਹੈ, ਭਾਵੇਂ ਉਸ ਦੀ ਹਵਾੜ ਕਈ ਹੋਰ ਰੁੱਖਾਂ ਨੂੰ ਜੇ ਖਾ ਰਹੀ ਹੈ। ਜਿਹੜੇ ਰੁੱਖ ਮਾਂ, ਬਾਪ, ਭਰਾ ਅਤੇ ਬਾਬੇ ਲੱਗਦੇ ਸੀ, ਅਸੀਂ ਵੱਢ ਸੁੱਟੇ ਹਨ। ਅਸਲ ਵਿਚ ਸੰਵੇਦਨਾਵਾਂ ਦਾ ਪਾਣੀ ਸੁੱਕ ਰਿਹਾ ਹੈ। ਨਰਿੰਦਰਪਾਲ ਕਹਿੰਦੀ ਹੈ: "ਮੈਂ ਸੁੱਕੀ ਨਹਿਰ ਦੀ ਪਟੜੀ 'ਤੇ ਖੜ੍ਹੀ ਹਾਂ/ਸੈਆਂ ਟਿਊਬਵੈੱਲ ਚੱਲ ਰਹੇ/ਮੇਰੇ ਬੁੱਲ੍ਹਾਂ 'ਤੇ ਤੇਹ/ਸਿੱਕਰੀ ਬਣ ਜੰਮਦੀ।" ਕੁਲਵੰਤ ਢਿੱਲੋਂ ਆਪਣੀ ਇਕ ਨਜ਼ਮ ਵਿਚ ਦੱਸਦੀ ਹੈ ਕਿ ਉਹ ਆਪਣੇ ਭੈਣ-ਭਰਾਵਾਂ ਦੀ ਗਿਣਤੀ ਕਰਦਿਆਂ ਅਕਸਰ ਚਾਚਿਆਂ-ਤਾਇਆਂ ਤੇ ਮਾਮਿਆਂ-ਮਾਸੀਆਂ ਦੇ ਧੀਆਂ-ਪੁੱਤਾਂ ਨੂੰ ਵੀ ਸ਼ਾਮਿਲ ਕਰ ਲੈਂਦੀ ਹੈ ਪਰ : "ਜ਼ਮਾਨਾ ਬਦਲ ਗਿਆ/ਗਿਣਤੀ ਸੀਮਤ ਹੋ ਗਈ/ਤੇ ਰਿਸ਼ਤੇ ਅਲੋਪ।"

ਅਦਬ ਕਿਸੇ ਵੀ ਮਸ਼ੀਨ ਨੂੰ ਚੱਲਣੋਂ ਨਹੀਂ ਰੋਕ ਸਕਦਾ, ਨਾ ਉਹ ਕੁਦਰਤ ਨੂੰ ਬਚਾ ਸਕਦਾ ਹੈ। ਪਰ ਸਾਹਿਤ ਉਸ 'ਤੇ ਵਿਅੰਗ ਕਸ ਸਕਦਾ ਹੈ, ਗਿਲਾ ਕਰ ਸਕਦਾ ਹੈ, ਰੋ ਸਕਦਾ ਹੈ, ਮਾਤਮ ਮਨਾ ਸਕਦਾ ਹੈ। ਇਸ ਪ੍ਰਕਿਰਿਆ ਵਿਚੋਂ ਰਾਹ ਖੁੱਲ੍ਹ ਸਕਦੇ ਹਨ। ਸਵਾਮੀ ਅੰਤਰਨੀਰਵ ਦਾ ਵਿਅੰਗ ਦੇਖੋ: "ਤੁਸੀਂ ਪਹਾੜ ਖੁਣ/ਧਰਤੀ ਨੂੰ/ਸੜਕਾਂ ਨਾਲ ਲਪੇਟ ਲਿਆ ਹੈ।ਖ਼ੁਸ਼ ਰਹੇ /ਤੁਸੀਂ/ਖਦਾਨਾਂ ਖੁਣ/ਪ੍ਰਿਥਵੀ ਦੇ

ਗਰਭ ਨੂੰ ਹੱਥ ਪਾਇਆ ਹੈ/ਜੀਵਨ ਪਿੰਡ ਨੂੰ/ਬਿਖਾਂ ਨਾਲ ਨਵਾਇਆ ਹੈ/ਖ਼ੁਸ਼ ਰਹੋ/ਹਵਾ ਪਾਣੀ/ਓਕਲੇ ਮੋਕਲੇ (ਉੱਜੜਨ ਅਤੇ ਮੁੱਕਣ ਲਾਗੇ) ਕਰ ਦਿੱਤੇ ਹਨ/ਹੁਣ ਤੁਹਾਨੂੰ ਸਾਹ ਨਹੀਂ ਆ ਰਿਹਾ/ਤੁਸੀਂ ਕਹਿੰਦੇ ਹੋ/ਅਸੀਂ ਇਹ ਸਭ/ਤੁਹਾਡੇ ਲਈ ਕੀਤਾ ਹੈ/ਖ਼ੁਸ਼ ਰਹੋ।" ਪਾਲੀ ਖਾਦਿਮ ਲਿਖਦਾ ਹੈ: "ਰੱਖਾਂ ਨੇ ਦਹਿਲੀਜ਼ 'ਤੇ ਆਣ ਕਰੀ ਫਰਿਆਦ/ਕਾਲੇ ਹਰਫ਼ਾਂ ਨਾਲ ਨਾ ਕਰ ਪੰਨੇ ਬਰਬਾਦ।" ਜ਼ਿੰਦਗੀ ਦੀ ਅਤਿਅੰਤ ਬਨਾਵਟ ਨੇ ਸਾਨੂੰ ਖ਼ੁਦ ਨੂੰ ਭਰਮ ਵਿਚ ਪਾ ਦਿੱਤਾ ਹੈ। ਇਸੇ ਲਈ ਸੀਹਰਾ ਕਹਿੰਦਾ ਹੈ: "ਪਾ ਕੇ ਪਟੰਬਰ ਸਮਝਦਾ ਬਗਲਾ, ਮੈਂ ਪਰਮਹੰਸ ਤਾਂ ਹੀ ਤਾਂ ਉਸ ਦੇ ਫੈਸਲੇ/ਹੁੰਦੇ ਗਲਤ ਗਏ।" ਇਸ ਤਰ੍ਹਾਂ ਦਲਵੀਰ ਕੌਰ ਅਨੁਸਾਰ: "ਸੰਗਮਰਮਰ ਨੇ ਛੁਪਾ ਲਈ ਉਸ ਦੀ ਪੈੜ।/ਜਾਨਵਰ ਆਪਣਾ ਪਰਛਾਵਾਂ ਵੇਖ/ਭਕਦਾ ਹੈ/ਬੜਾ ਉਦਾਸ ਹੈ ਵਿਹੜੇ ਦਾ ਕੱਖ ਕਾਨ/ਹੁੰਦਾ ਸੀ ਇਕ ਘਰ ਏਥੇ /"ਉਹ ਇਹ ਵੀ ਯਾਦ ਕਰਾਉਂਦੀ ਹੈ: "ਤੂੰ ਜੋ ਇਹ ਉਜਾੜਨ ਦੀ ਸੋਚ ਰਿਹਾ ਹੈਂ/ਕੀ ਤੂੰ ਸਿਰਜ ਵੀ ਲਵੇਂਗਾ?" ਵਰਿੰਦਰ ਪਰਿਹਾਰ ਦੇ ਵਿਹੜੇ ਦੀ ਮਰੀ ਹੋਈ ਨਿੰਮ ਵੱਡੇ ਸੱਚ ਦਾ ਐਲਾਨ ਕਰਵਾਉਂਦੀ ਹੈ: "ਰੁੱਖ ਪਰ 'ਕੱਲਾ ਕਦੇ ਨਾ ਮਰਦਾ/ਵੇਦ ਕਹਿੰਦਾ ਪੁਰਾਣ ਕਹਿੰਦਾ ਤਹਿਜ਼ੀਬ, ਕਾਇਨਾਤ ਇਕ ਬੰਦੋਬਸਤ ਪੂਰਾ/ਆਪਣੇ ਨਾਲ ਸਦਾ ਲਈ ਲੈ ਜਾਂਦਾ।" ਸਾਹਿਤ ਸਾਨੂੰ ਜਗਾਉਂਦਾ ਹੈ, ਯਾਦ ਕਰਾ ਕੇ ਸਾਡਾ ਧਿਆਨ ਮੋੜਦਾ ਹੈ। ਜਸਵਿੰਦਰ ਨੂੰ ਸੁਣੋ: "ਖ਼ਤਮ ਹੋ ਜਾਵਾਂਗੇ ਜੇ ਇਕ ਪਲ ਵੀ ਹੋਏ ਬੇਧਿਆਨ/ਵਕਤ ਦੇ ਬੇਦਰਦ ਪਹੀਏ ਹੇਠ ਆਇਆ ਵਰਤਮਾਨ।" ਸਾਹਿਤ ਮੁਰਦੇ ਵਿਚ ਜਾਨ ਨਹੀਂ ਪਾ ਸਕਦਾ ਪਰ ਇਹ ਮਾਨਸਿਕ ਆਕਸੀਜਨ ਪੈਦਾ ਕਰਦਾ ਹੈ, ਜਿਹੜੀ ਬੀਮਾਰ ਅਤੇ ਸਵਸਥ ਦੋਹਾਂ ਲਈ ਲੋੜੀਂਦੀ ਹੈ। ਇਹ ਆਕਸੀਜਨ ਸੰਵੇਦਨਸ਼ੀਲ ਲੋਕਾਂ ਨੂੰ ਜ਼ਿੰਦਗੀ ਨਾਲ ਜੋੜੀ ਰੱਖਦੀ ਹੈ। ਜੀਤ ਸੁਰਜੀਤ ਪ੍ਰਕਿਰਤੀ ਨਾਲ ਮਾਨਵ ਦਾ ਆਦਰਸ਼ ਰਿਸ਼ਤਾ ਚਿਤਰਦੀ ਹੈ: "ਬਿਖੇਰੇ ਰੰਗ ਕੁਦਰਤ ਨੇ ਬਣੀ ਤਾਂ ਪੀਂਘ ਹੈ ਅੰਬਰੀਂ ਜੋ ਭਰਨੇ ਕੈਨਵਸ ਉੱਤੇ ਉਹ ਰੰਗ ਤਾਂ ਘੋਲਣੇ ਪੈਂਦੇ।"

ਸਾਹਿਤਕ ਸਿਨਫ਼ਾਂ ਦੀ ਹਰ ਵੰਨਗੀ ਪਾਸੋਂ ਸਿੱਧੀਆਂ ਟਿੱਪਣੀਆਂ ਜਾਂ ਉਪਦੇਸ਼ਾਂ ਦੀ ਉਮੀਦ ਕਰਨੀ ਗ਼ਲਤ ਹੈ। ਸਾਹਿਤਕਾਰ ਤਾਂ ਪੀੜਾ ਜਾਂ ਪ੍ਰੇਰਨਾ ਨੂੰ ਪੇਸ਼ ਕਰਦਾ ਹੈ। ਪਰ ਜਦੋਂ ਨਿੱਜੀ ਜਾਂ ਸਮਾਜੀ ਵਿਸ਼ਾਦ ਦੀ ਗੱਲ ਹੁੰਦੀ ਹੈ ਤਾਂ ਉਸ ਦੇ ਸਮੁੱਚੇ ਫ਼ਿਕਰ ਦੀਆਂ ਧੁਨੀਆਂ ਸੁਣਾਈ ਦਿੰਦੀਆਂ ਹਨ। ਜਦੋਂ ਸਾਹਿਤ ਅਜੋਕੇ ਨਿਜ਼ਾਮ, ਆਪੋ-ਧਾਪੀ, ਵਿਅਕਤੀਵਾਦ, ਮੰਡੀਕਰਨ ਅਤੇ ਥੁੜ੍ਹਿਆਂ ਦੇ ਦੁੱਖਾਂ ਤੇ ਸ਼ੋਸ਼ਣ ਦੀ ਗੱਲ ਕਰਦਾ ਹੈ ਤਾਂ ਇਸ ਦੇ ਧੁਰ ਹੇਠ ਕੁਦਰਤ ਅਤੇ ਮਸ਼ੀਨ ਨਾਲ ਸਾਡਾ ਸਵਾਰਥੀ ਰਿਸ਼ਤਾ ਪਿਆ ਹੁੰਦਾ ਹੈ। ਮੰਡੀਕਰਨ ਦੇ ਇਸ ਦੌਰ ਵਿਚ ਸਵਾਰਥ ਅਤੇ ਪਦਾਰਥ ਸਾਡੇ ਯਥਾਰਥ ਦੇ ਧੁਰ ਅੰਦਰ ਤੱਕ ਧਸ ਚੁੱਕੇ ਹਨ, ਮੱਛੀਆਂ ਅੰਦਰ ਪਹੁੰਚੇ ਟਾਕਸਿਨਾਂ ਵਾਂਗ। ਇਸੇ ਲਈ ਸੰਵੇਦਨਸ਼ੀਲ ਬੰਦਾ ਇਸ ਸਮਾਜਕ ਸੱਚ ਤੋਂ ਭੱਜਣਾ ਚਾਹੁੰਦਾ ਹੈ। ਕੁਲਵਿੰਦਰ ਅਨੁਸਾਰ: "ਜੰਗਲ ਵੱਲ ਜਾ ਰਹੇ ਨੇ ਬਿਰਖ ਸਾਰੇ/ਬਸਤੀਆਂ ਵੱਲ ਅਜਨਬੀ ਸਭ ਆ ਰਹੇ ਨੇ।" ਬੇਗਾਨਗੀ ਦੀ ਤਹਿ ਵਿਚ ਸਾਡੀ ਸਭ ਦੀ ਬੇਬਸੀ ਵੀ ਸ਼ਾਮਿਲ ਹੈ।

ਫਿਰ ਵੀ ਮੰਨਣਾ ਪਵੇਗਾ ਕਿ ਅਦਬ ਦੀ ਇਕ ਸੀਮਾ ਹੈ। ਉਹ ਆਪਣੇ-ਆਪ ਵਿਚ ਕੋਈ ਹਥਿਆਰ ਜਾਂ ਮਸ਼ੀਨ ਨਹੀਂ ਹੈ। ਉਹ ਵੱਢੇ ਜਾਂਦੇ ਰੁੱਖ ਜਾਂ ਲੱਗੀ ਜੰਗ ਨਹੀਂ ਰੋਕ ਸਕਦਾ। ਉਂਜ ਵੀ ਸਮਾਜਿਕ ਫ਼ਿਕਰ ਦੇ ਸਿਰਜਣਹਾਰੇ ਉਤੇ ਵਿਕਾਸ-ਵਿਰੋਧੀ ਅਤੇ ਰਾਸ਼ਟਰ-ਵਿਰੋਧੀ ਹੋਣ ਦੇ ਇਲਜ਼ਾਮ ਵੀ ਲੱਗਦੇ ਹਨ। ਦੂਜੇ ਪਾਸੇ ਜੇ ਉਹ ਫ਼ਿਕਰ ਦੀ ਸ਼ਾਇਰੀ ਛੱਡ ਜ਼ਿਕਰ ਦੀ ਸ਼ਾਇਰੀ ਵਿਚ ਸਿਮਟ ਜਾਵੇਗਾ ਤਾਂ ਉਹ ਸੌ ਫ਼ੀਸਦੀ ਅਪ੍ਰਸੰਗਿਕ ਹੈ। ਮਾਨਵਵਾਦ ਉਸ ਦੀ ਤਾਕਤ ਵੀ ਹੈ ਅਤੇ ਖ਼ਤਰਾ ਵੀ। ਫਿਰ ਵੀ ਉਸ ਦਾ ਸਭ ਤੋਂ ਅਹਿਮ ਕੰਮ ਐਸਾ ਵਾਤਾਵਰਨ ਤਿਆਰ ਕਰਨਾ ਹੈ, ਜਿਸ ਵਿਚ ਮਨੁੱਖ 'ਸੋਚਣਾ' ਸ਼ੁਰੂ ਕਰ ਦੇਵੇ। ਕੁਦਰਤ ਅਤੇ ਮਸ਼ੀਨ ਦੇ ਪ੍ਰਸੰਗ ਵਿਚ ਵੀ ਲੋਕਾਈ ਨੂੰ ਸੋਚੀਂ ਪਾਉਣਾ ਉਸ ਦਾ ਕਾਰਜ ਹੈ। ਅਦਬ ਵਿਚਲਾ ਮਨੋਰੰਜਨ ਸਵਾਦ ਤੱਕ ਸੀਮਤ ਨਹੀਂ। ਸਵਾਦ ਥੋੜ੍ਹ-ਚਿਰਾ ਹੁੰਦਾ ਹੈ। ਜੇ ਅਦਬੀ ਸਵਾਦ ਸੰਵਾਦ ਤੱਕ ਨਹੀਂ ਪਹੁੰਚਾਉਂਦਾ, ਸਾਹਿਤ ਸਾਰਥਕ ਨਹੀਂ ਹੈ, ਭੋਗ-ਵਿਲਾਸ ਹੈ। ਅਜਿਹਾ ਸੰਵਾਦ ਕਿਸੇ ਨਾਲ ਵੀ ਹੋ ਸਕਦਾ ਹੈ—ਸਮਾਜ, ਸਰਕਾਰ, ਪਰੰਪਰਾ, ਧਰਮ, ਵਿਗਿਆਨ, ਮਸ਼ੀਨ, ਕੁਦਰਤ ਜਾਂ ਆਪਣੇ-ਆਪ ਨਾਲ। ਸੰਵਾਦ ਰਾਹ ਬਣਾਉਂਦਾ ਹੈ; ਏਸੇ ਲਈ ਬਾਬੇ ਨੇ ਗੋਸ਼ਟ ਦੀ ਪਰੰਪਰਾ ਚਲਾਈ ਸੀ। ਅਸੀਂ ਬਾਬੇ ਦੇ ਸ਼ਬਦਾਂ ਨੂੰ ਰਟਿਆ ਹੈ ਪਰ ਅੰਦਰਲੇ ਸੰਵਾਦ ਨੂੰ ਰੱਦਿਆ ਹੈ। ਪਰ ਸਾਹਿਤਕਾਰ ਆਪਣੇ-ਆਪਣੇ ਤਰੀਕ ਨਾਲ ਸਾਨੂੰ ਮੁੜ ਕੇ ਸੰਵਾਦ ਵਿਚ ਪਾਉਣਾ ਚਾਹੁੰਦੇ ਹਨ। ਉਨ੍ਹਾਂ ਦੇ ਸ਼ਬਦਾਂ ਵਿਚ ਸੁਹਜਮਈ ਸਵਾਦ ਹੁੰਦਾ ਹੈ; ਪਰ ਜਦੋਂ ਉਸ ਦੇ ਭਾਵ-ਸੰਸਾਰ ਦੇ ਅੰਦਰ ਜਾਵੇਗੇ ਤਾਂ ਸੰਵਾਦ ਜੀਵੰਤ ਹੋ ਜਾਂਦਾ ਹੈ। ਰਾਜਿੰਦਰਜੀਤ ਕਹਿੰਦਾ ਹੈ :

ਵਿਛੜਦਾ ਜਾ ਰਿਹਾਂ, ਸੁਪਨੇ 'ਚ ਹਾਂ ਮੈਂ,
ਕਿਵੇਂ ਜਾਗਾਂ ਅਜੇ ਸਦਮੇ 'ਚ ਹਾਂ ਮੈਂ
ਨਿਪਟ ਚਾਨਣ ਹੈ ਚਹੁੰ ਪਾਸੇ ਹੈ,
ਫਿਰ ਵੀ ਖ਼ੁਦ ਆਪਣੀ ਹੋਂਦ ਦੇ 'ਨ੍ਹੇਰੇ 'ਚ ਹਾਂ ਮੈਂ

ਇਹ ਉਸ ਦਾ ਆਪਣੇ-ਆਪ, ਆਪਣੇ ਸਮੇਂ ਅਤੇ ਚਾਨਣ ਜਾਪਦੇ ਵਿਕਾਸ ਨਾਲ ਸੰਵਾਦ ਹੈ, ਜਿਸ ਵਿਚ ਬੰਦਾ ਖ਼ੁਦ ਹਨੇਰੇ ਵਿਚ ਹੈ। ਇਹ ਬਹੁ-ਪਰਤੀ ਕਾਵਿ ਹੈ। ਜਦੋਂ ਚੁਫੇਰ ਦੇ ਚਾਨਣ ਅਤੇ ਅੰਦਰਲੇ ਹਨੇਰੇ ਦੀ ਗੱਲ ਹੋਵੇ ਤਾਂ ਵਿਛੋੜਾ ਅਤੇ ਸਦਮਾ ਸਿਰਫ਼ ਮਹਿਬੂਬ ਤੱਕ ਸੀਮਿਤ ਨਹੀਂ ਰਹਿੰਦਾ। ਗਹਿਨ ਸੰਰਚਨਾ ਵਾਲੀ ਅਜਿਹੀ ਸ਼ਾਇਰੀ ਬਹੁ-ਦਿਸ਼ਾਵੀ ਹੈ। ਇਨ੍ਹਾਂ ਪੰਕਤੀਆਂ ਵਿਚੋਂ ਆਪਣੇ ਮੂਲ ਯਾਨੀ ਅੰਦਰਲੀ ਅਤੇ ਬਾਹਰਲੀ ਪ੍ਰਕਿਰਤੀ ਨਾਲੋਂ ਵਿਛੜਨ ਦੀ ਧੁਨੀ ਵੀ ਸੁਣਾਈ ਦਿੰਦੀ ਹੈ। ਦਰਸ਼ਨ ਬੁਲੰਦਵੀ ਦੇ ਬੋਲ ਸਾਡਾ ਧਿਆਨ ਖਿੱਚਦੇ ਹਨ: "ਮੇਰਾ ਹੀ ਧੁਖਾਇਆ ਧੂੰਆਂ/ਮੇਰੇ ਅੰਦਰ-ਬਾਹਰ ਧੁਖ ਰਿਹਾ ਹੈ/ਧੂੰਆਂ ਹੀ ਝੁਲਸਦਾ ਪਿਆ ਏ/ਮੇਰੀ ਹਰਿਆਵਲ ਦਾ ਹਰ ਬੀਜ।" ਵਰਿੰਦਰ ਪਰਿਹਾਰ ਦੀ ਕਵਿਤਾ ਵੀ ਵਿਲੱਖਣ ਹੈ, ਉਹ ਹਮੇਸ਼ਾ ਕੁਦਰਤ ਦੀ ਗੋਦ ਵਿਚ ਪਿਆ ਦਿਸਦਾ ਹੈ। ਇਸੇ ਲਈ ਉਸ ਨੂੰ ਮਾਂ ਦੇ ਘਰ ਦੀ ਨਿੰਮ ਦੇ ਮਰ ਜਾਣ ਦਾ ਸੋਗ ਹੈ। ਪ੍ਰਕਿਰਤੀ ਉਸ ਦਾ ਸੰਸਾਰ ਹੀ ਨਹੀਂ, ਪ੍ਰੇਰਨਾ ਵੀ ਹੈ ਤੇ ਤਾਕਤ ਵੀ। ਉਸ ਨੂੰ ਲੀਚੀਆਂ ਅਤੇ ਅੰਬੀਆਂ ਵਿਚਲੀ ਮਿਠਾਸ ਅਦਭੁਤ ਲੱਗਦੀ ਹੈ। ਉਹ ਘਰ ਅਤੇ ਧੁੱਪ ਵਿਚਕਾਰਲੇ ਤਣਾਉ ਦੀ ਗੱਲ ਕਰਦਾ ਹੈ। ਉਹ ਆਪਣੇ ਸ਼ਬਦਾਂ ਨੂੰ ਸਾਰੇ ਬ੍ਰਹਿਮੰਡ ਵਿਚ ਫੈਲਾ ਦੇਣਾ ਲੋਚਦਾ ਹੈ। ਉਸ ਨੂੰ ਮੱਛੀ ਦਾ ਸੁਪਨਾ ਆਉਂਦਾ ਹੈ: "ਮੱਛੀ ਮੇਰੇ ਸੁਪਨੇ ਵਿਚ ਹੈ/ਮੈਂ ਮੱਛੀ ਦੇ ਸੁਪਨੇ ਵਿਚ ਨਹੀਂ ਜਾ ਸਕਦਾ/ਮੇਰੇ ਕੋਲ ਭਾਸ਼ਾ ਹੈ, ਆਸ਼ਾ ਹੈ/ਮੱਛੀ ਕੋਲ ਦੋਹਾਂ 'ਚੋਂ ਇਕ ਵੀ ਨਹੀਂ/ਸੁਪਨੇ ਦੀਆਂ ਤਹਿਆਂ ਤੀਕ ਲਹਿੰਦਾ/ਉਸ ਸੰਗ ਤੁਰਦਾ/ਪੁੱਜ ਜਾਵਾਂਗਾ/ਇਵੇਂ ਇੰਨ-ਬਿੰਨ/ਆਪਣੇ ਆਦਿ ਤਾਈਂ/ਇਕ ਦਿਨ।" ਇਸ ਕਵਿਤਾ ਵਿਚੋਂ ਇਹ ਸੋਝੀ ਵੀ ਮਿਲਦੀ ਹੈ ਕਿ ਮੂਲ ਵੱਲ ਜਾਣਾ ਵੀ ਇਕ ਵੱਡਾ ਕਾਰਜ ਹੈ। ਮੂਲ ਵੱਲ ਮਸ਼ੀਨ ਨਹੀਂ ਪ੍ਰਕਿਰਤੀ ਤੋਰਦੀ ਹੈ। ਇਹ ਵਰਤਮਾਨ ਦੀ ਦੁਰਗਤੀ ਦੇ ਵਿਰੁੱਧ ਆਵਾਜ਼ ਵੀ ਹੈ ਅਤੇ ਆਪਣੀ ਹੋਂਦਮੂਲਕ ਤਲਾਸ਼ ਦਾ ਯਤਨ ਵੀ। ਤਥਾ-ਕਥਿਤ ਤਰੱਕੀ ਨੇ ਸਾਡੀ ਜੋ ਅਧੋਗਤੀ ਕੀਤੀ ਹੈ, ਉਸ ਦੀ ਬਹੁਤ ਕਮਾਲ ਦੀ ਤਸਵੀਰ ਮਜ਼ਹਰ ਤਿਰਮਜ਼ੀ ਨੇ ਵਾਹੀ ਹੈ: "ਅਸੀਂ ਯਕੀਨੋਂ ਖੁੰਝ ਕੇ ਹੁਣ ਪਛਤਾਨੇ ਹਾਂ/ਦਿਲ 'ਤੇ ਐਵੇਂ ਕਾਲਖ਼ ਮਲ ਮਲ ਇਲਮਾਂ ਦੀ/ਹਰਫ਼ਾਂ ਦੀ ਵਡਿਆਈ ਦਾ ਬੇਮੌਸਮਾ ਫਲ ਪਏ ਚਖਨੇ ਹਾਂ/ਅੱਜ ਤੇਰੀ ਮਨਹੂਸ ਅਕਾਈ, ਹਰਫ਼ਾਂ ਦੀ ਵਡਿਆਈ/ਲੇਖਾ ਮੰਗਦੀ ਇਕ ਇਕ ਪਲ ਦਾ/ਅੱਜ ਤੇ ਕੱਲ੍ਹ ਦਾ/ਅੱਜ ਜਿਹੜਾ ਸਾਡੇ ਆਵਣ ਵਾਲੇ ਕੱਲ੍ਹ ਦਾ ਪੰਜ ਏ/ਹਰਫ਼ਾਂ ਦੀ ਵਡਿਆਈ ਦੱਸਦਾ ਬੇਜ਼ੁੱਰਅਤਾ ਜੱਜ ਏ ਸ਼ੱਕ ਦਾ ਚੋਗਾ ਚੁਗਨੇ ਹਾਂ/ਅਸੀਂ ਯਕੀਨੋਂ ਖੁੰਝ ਕੇ ਹੁਣ ਪਛਤਾਨੇ ਹਾਂ।" ਇਸ ਦੇ ਉਲਟ ਕਈ ਵਾਰ ਕਵੀ ਸਿੱਧੀ ਤਰ੍ਹਾਂ ਸਚੇਤ ਕਰਦਿਆਂ ਬਹੁ-ਪੱਖੀ ਸੰਵਾਦ ਸਿਰਜਦਾ ਹੈ। ਜਸਵਿੰਦਰ ਦਾ ਇਕੋ ਸ਼ਿਅਰ ਸਾਡੇ ਵਿਸ਼ੇ ਦੇ ਬਹੁਤ ਆਯਾਮਾਂ ਨੂੰ ਖੋਲ੍ਹਦਾ ਹੈ: "ਜ਼ਲਜ਼ਲੇ ਧਰਤੀ ਦੇ, ਚੜ੍ਹੇ ਜਾ ਰਹੇ ਨੇ ਅੰਬਰਾਂ 'ਤੇ; ਕੋਈ ਵੀ ਤਾਰਾ ਕਦੇ ਵੀ, ਡਿੱਗ ਸਕਦਾ ਹੈ ਘਰਾਂ 'ਤੇ।" ਆਪੋ-ਧਾਪੀ ਦੇ ਸੰਸਾਰ ਵਿਚ ਅਜ਼ੀਮ ਸ਼ੇਖਰ ਮਰ ਰਹੇ ਸਰੋਕਾਰਾਂ ਨੂੰ ਜੀਉਂਦਾ। ਕਰਦਾ ਹੈ: "ਦਿਖ ਰਹੀ ਹੈ ਰੁੱਖ 'ਚੋਂ ਕੁਰਸੀ ਕਿਸੇ ਨੂੰ/ਕਿਸੇ ਨੂੰ ਲੜਨ ਲਈ ਹਥਿਆਰ ਲੱਭ ਤ ਬੇੜੀ ਕੋਲ ਸਾਡੇ ਡੁੱਬ ਰਹੀ ਸੀ/ਅਸੀਂ ਉਸ ਵਾਸਤੇ ਪਤਵਾਰ ਲੱਭੇ।"

ਪ੍ਰਕਿਰਤੀ ਦੀ ਇਹ ਖ਼ੂਬਸੂਰਤੀ ਵੀ ਹੈ ਕਿ ਇਹ ਸਾਰੀ ਦੁਨੀਆ ਵਿਚ ਵਿਦਮਾਨ ਹੈ। ਜਗਤਾਰ ਢਾਅ ਦੀ ਨਜ਼ਮ 'ਜਦੋਂ ਸੂਰਜ ਅਸਤ ਹੋਇਆ ਉਸ ਵਕਤ ਨੂੰ ਖ਼ੂਬਸੂਰਤੀ ਨਾਲ ਚਿਤਰਦੀ ਹੈ ਜਦੋਂ ਮਨੁੱਖਤਾ ਬਹੁਤ ਲੋਕਲ ਸੀ: "ਉਸ ਨੂੰ ਸਮਝ ਪੈ ਗਈ ਸੀ/ਕਿ ਦੀਵਾਰ ਉਤੇ ਚਿਪਕੀ ਛਿਪਕਲੀ ਦੀ ਹਸਰਤ/ਉਹ ਹੰਢਾਅ ਨਹੀਂ ਸੀ ਸਕਦਾ/ਸਿੱਪੀ ਦੇ ਖੋਲ ਵਿਚ ਵੀ ਉਸ ਦਾ ਆਪਾ, ਸਮਾ ਨਹੀਂ ਸੀ ਸਕਦਾ/ਯਾਦਾਂ ਦੀਆਂ ਮੱਛਲੀਆਂ ਨੂੰ ਵੀ ਤਨ ਖੁਆ ਨਹੀਂ ਸੀ ਸਕਦਾ ਉਸ ਦੀਆਂ ਅੱਖਾਂ ਵਿਚ ਤਾਂ ਲੱਖਾਂ ਪੰਛੀਆਂ ਦਾ ਸ਼ੋਰ ਸੀ/ਉਸ ਦੀ ਛਾਤੀ ਅੰਦਰ ਤਾਂ ਜੰਗਲੀ ਘੋੜੇ ਦਾ ਜ਼ੋਰ ਸੀ।" ਕਵੀ ਅਤੀਤ ਅਤੇ ਹਾਲ ਦੇ ਲੈਂਡਸਕੇਪ ਦੇ ਹਵਾਲੇ ਨਾਲ ਆਪਣੀ ਗੱਲ ਕਹਿ ਰਿਹਾ ਹੈ। ਪਰ ਗਲੋਬਲ ਸੰਸਾਰ ਦੀ ਹਕੀਕਤ ਬਦਲ ਰਹੀ ਹੈ। ਭਾਵੇਂ ਅਸੀਂ ਆਪਣੀਆਂ ਕਰਤੂਤਾਂ ਨਾਲ ਹਵਾ, ਪਾਣੀ ਅਤੇ ਸੂਰਜ ਦੀ ਲੋਅ ਨੂੰ ਗੰਧਲਾ ਕਰ ਲਿਆ ਹੈ, ਪਰ ਇਸ ਉੱਤੇ ਕਿਸੇ ਅਮੀਰ ਜਾਂ ਸੰਪੰਨ ਦਾ ਅੱਜ ਵੀ ਏਕਾਧਿਕਾਰ ਨਹੀਂ ਹੈ। ਇਵੇਂ ਪ੍ਰਕਿਰਤੀ ਲੋਕਾਈ ਨੂੰ ਸਮਾਨਤਾ ਅਤੇ ਏਕਤਾ ਦੇ ਸੂਤਰ ਵਿਚ ਪਰੋ ਕੇ ਪ੍ਰੇਰਨਾ ਦਾ ਸ੍ਰੋਤ ਬਣਦੀ ਹੈ। ਭੁਪਿੰਦਰ ਸੱਗੂ ਦਾ ਸ਼ਿਅਰ ਹੈ : "ਪਿੰਡ ਮੇਰੇ ਵਿਚ ਜੋ ਸੂਰਜ ਸੀ, ਓਹੀ ਦਿਸਦੈ ਥੇਮਜ਼ ਵਿਚ/ਓਹੀ ਸੂਰਜ ਲੱਭਣ ਜਾਣੈ, ਮੇਰੀਆਂ ਕਵਿਤਾਵਾਂ ਨੇ।"

**ਮਸ਼ੀਨ ਅਤੇ ਮਾਨਵ**

ਜਿਵੇਂ ਅਸੀਂ ਅਜੋਕੇ ਜੀਵਨ ਵਿਚ ਆਪਣੇ ਮੂਲ ਪ੍ਰਕਿਰਤਕ ਰੂਪ ਵਿਚ ਨਹੀਂ ਜੀਅ ਸਕਦੇ, ਉਸੇ ਤਰ੍ਹਾਂ ਮਸ਼ੀਨ ਜਾਂ ਤਕਨੀਕ ਦਾ ਅੰਨ੍ਹਾ ਵਿਰੋਧ ਨਹੀਂ ਹੋ ਸਕਦਾ। ਕੁਦਰਤ ਅਤੇ ਮਸ਼ੀਨ ਨਾਲ ਸੰਜੋਗੀ ਨਾਤਾ (ਸਿੰਬਿਆਟਿਕ ਰਿਲੇਸ਼ਨਸ਼ਿਪ) ਦਰਕਾਰ ਹੈ। ਹਥਿਆਰ ਜਾਂ ਕੁਰਸੀ ਲੱਭਣਾ ਅਮਾਨਵੀ ਨਾਤਾ ਹੈ। ਪਰ ਕਿਸੇ ਦਾ ਰੁੱਖ ਵਿਚੋਂ ਬੇੜੀ ਬਣਾਉਣਾ ਤੇ ਕਿਸੇ ਹੋਰ ਦਾ ਲੱਕੜ ਵਿਚੋਂ ਪਤਵਾਰ ਲੱਭਣਾ ਸੰਜੋਗੀ ਰਿਸ਼ਤਾ ਹੈ। ਮਸ਼ੀਨ ਦੇ ਈਜਾਦਕਾਰਾਂ ਦੀ ਮਿਹਨਤ, ਸੰਘਰਸ਼ ਤੇ ਕੁਰਬਾਨੀਆਂ ਵੀ ਭੁੱਲਣਯੋਗ ਨਹੀਂ। ਅਸੀਂ ਸੰਗਮਰਮਰ ਨਾਲ ਸਿਰਫ਼ ਜਾਨਵਰਾਂ ਦੀ ਪੈੜ ਹੀ ਨਹੀਂ ਖਾਧੀ, ਜਿਵੇਂ ਕਿ ਦਲਵੀਰ ਕੌਰ ਕਹਿੰਦੀ ਹੈ, ਬਲਕਿ ਆਪਣਾ ਸਿਰਜਿਆ ਹੋਇਆ ਇਤਿਹਾਸ ਵੀ ਖਾ ਲਿਆ ਹੈ। ਪੰਜਾਬ ਦੇ ਕਈ ਗੁਰਦੁਆਰਿਆਂ ਦਾ ਇਤਿਹਾਸ ਸੰਗਮਰਮਰ ਦੇ ਹੇਠਾਂ ਚਲਾ ਗਿਆ ਹੈ। ਸਾਡੇ ਸ਼ਹਿਰਾਂ ਨੇ ਜੰਗਲ ਖਾ ਲਏ ਹਨ। ਪਰ ਇਸ ਦੇ ਰੋਸ ਵਜੋਂ ਅਸੀਂ ਭਵਨ ਨਿਰਮਾਣਕਾਰੀ ਦਾ ਅੰਨ੍ਹਾ ਵਿਰੋਧ ਨਹੀਂ ਕਰ ਸਕਦੇ। ਅੱਜ ਕਿਹੜਾ ਸ਼ਖ਼ਸ ਹੈ, ਜਿਹੜਾ ਕਿਸੇ ਵਾਹਨ ਦੀ ਵਰਤੋਂ ਨਹੀਂ ਕਰਦਾ ? ਅਪਾਹਜ ਨੂੰ ਵੀ ਵ੍ਹੀਲਚੇਅਰ ਦੀ ਜ਼ਰੂਰਤ ਹੈ, ਜਿਸ ਦੇ ਪਿੱਛੇ ਪਹੀਏ ਦਾ ਇਤਿਹਾਸ ਹੈ। ਕੀ ਅੱਜ ਦੇ ਸ਼ਹਿਰੀ ਜੀਵਨ ਵਿਚ ਕਾਰ, ਬੱਸ ਜਾਂ ਟਰੇਨ ਤੋਂ ਬਿਨਾ ਜੀਵਨ ਨੂੰ ਕਿਆਸਿਆ ਜਾ ਸਕਦਾ ਹੈ ? ਪਰ ਜਦੋਂ ਰੇਲ ਗੱਡੀ ਨੂੰ ਚਲਾਉਣ ਦੀ ਮਨਜ਼ੂਰੀ ਦਾ ਵਕਤ ਆਇਆ ਸੀ ਤਾਂ ਇਹ ਤੌਖ਼ਲਾ ਵੀ ਸੀ ਕਿ ਜਿੱਥੋਂ ਵੀ ਟਰੇਨ ਲੰਘੇਗੀ, ਕੁੱਕੜੀਆਂ ਆਂਡੇ ਦੇਣੇ ਬੰਦ ਕਰ ਦੇਣਗੀਆਂ ਅਤੇ ਗਰਭਵਤੀਆਂ ਦਾ ਗਰਭ ਡਿੱਗ ਜਾਵੇਗਾ। ਕਾਰ ਦਾ ਇਤਿਹਾਸ ਦੱਸੇਗਾ ਕਿ ਉਹ ਸਫ਼ਰ ਕਿੰਨਾ ਔਖਾ ਸੀ। ਮੁੱਢਲੀਆਂ ਕਾਰਾਂ ਚੱਲਦੀਆਂ ਘੱਟ ਤੇ ਰੁਕਦੀਆਂ ਜ਼ਿਆਦਾ ਸਨ। ਜਰਮਨੀ ਵਿਚ ਉਦੋਂ ਇਹ ਮਖੌਲ ਪ੍ਰਸਿੱਧ ਸੀ, 'ਏਦੂੰ ਚੰਗਾ ਸੀ ਕਿ ਤੂੰ ਕੋਈ ਘੋੜਾ ਹੀ ਲੈ ਲੈਂਦਾ। ਕਾਰਲ ਬੈਂਜ ਨੇ ਜਦੋਂ 1882 ਵਿਚ ਪਹਿਲੀ ਵਾਰ ਆਪਣੀ ਕਾਰ ਦੇ ਢਾਂਚੇ (ਪ੍ਰੋਟੋਟਾਈਪ) ਨੂੰ ਸੜਕ 'ਤੇ ਚਲਾਉਣ ਦੀ ਕੋਸ਼ਿਸ਼ ਕੀਤੀ ਤਾਂ ਪੁਲਿਸ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਸੀ। ਫਿਰ ਉਸਨੇ ਆਪਣੀ ਪਤਨੀ ਬਾਰਥਾ ਦੇ ਉਤਸ਼ਾਹ ਨਾਲ ਬਹੁਤ ਸਾਰੇ ਪਰਜ਼ਿਆਂ ਦਾ ਪੇਟੈਂਟ ਕਰਵਾਇਆ ਸੀ, ਜਿਵੇਂ ਕਿ ਕਲੱਚ, ਰੇਡੀਏਟਰ, ਕਾਰਬੋਰੇਟਰ, ਸਪਾਰਕ ਪਲੱਗ ਆਦਿਕ। ਜਦੋਂ ਕਾਰ ਤਿਆਰ ਹੋ ਗਈ ਤਾਂ ਡਰ ਕਾਰਨ ਉਹਦੀ ਉਹਨੂੰ ਚਲਾਉਣ ਦੀ ਹਿੰਮਤ ਨਹੀਂ ਸੀ ਪੈ ਰਹੀ। ਬਾਰਥਾ ਨੇ ਚੋਰੀ ਛਿਪੇ ਕਾਰ ਕੱਢੀ ਅਤੇ ਆਪਣੇ ਦੋ ਜਵਾਨ ਪੁੱਤਰਾਂ ਨਾਲ ਪੇਕੇ ਘਰ ਵੱਲ ਤੁਰ ਪਈ। 13 ਕਿਲੋਮੀਟਰ ਪ੍ਰਤੀ ਘੰਟਾ ਦੀ ਸਪੀਡ ਨਾਲ 106 ਕਿਲੋਮੀਟਰ ਦੂਰ ਰਾਹ ਦੀਆਂ ਦੁਸ਼ਵਾਰੀਆਂ ਚੀਰ ਕੇ ਉਹ ਸ਼ਾਮ ਤੱਕ ਪਹੁੰਚ ਗਈ। ਤੇਲ ਲੈਣ ਸਮੇਤ ਉਹ ਕਈ ਵਾਰ ਰੁਕੀ। ਘਰਾਂ ਵਿਚ ਸਫ਼ਾਈ ਕਰਨ ਵਾਲਾ ਮਿਸ਼ਰਨ ਫ਼ਾਰਮੇਸੀਆਂ ਵਿਚ ਮਿਲਦਾ ਸੀ ਤੇ ਉਹ ਹੀ ਕਾਰਲ ਦੀ ਕਾਰ ਦੀ ਗੈਸ ਸੀ।

ਸਮੁੱਚੇ ਰੂਪ ਵਿਚ ਇਕ ਪਾਸੇ ਮਾਲ ਦੀ ਢੋਆ-ਢੁਆਈ ਵਾਸਤੇ ਟਰੱਕਾਂ ਦੀ ਭਰਪੂਰ ਵਰਤੋਂ ਨੇ ਸੜਕਾਂ ਦਾ ਬਹੁਤ ਵੱਡਾ ਜਾਲ ਵਿਛਾ ਕੇ ਸਭਿਅਤਾ ਨੂੰ ਵਿਕਸਿਤ ਕੀਤਾ, ਦੂਜੇ ਬੰਨੇ ਵਾਤਾਵਰਨ ਦੇ ਪ੍ਰਦੂਸ਼ਨ ਵਿਚ ਵੱਡਾ ਵਾਧਾ ਹੋਇਆ। ਦਰਅਸਲ ਮਨੁੱਖ ਨੂੰ ਕੁਦਰਤ ਅਤੇ ਮਸ਼ੀਨ ਪ੍ਰਤੀ ਇਕ ਸੰਤੁਲਿਤ ਰਵੱਈਆ ਅਪਨਾਉਣ ਦੀ ਲੋੜ ਸੀ। ਸਾਡਾ ਕੁਦਰਤ ਅਤੇ ਮਸ਼ੀਨ ਨਾਲ ਸੰਜੋਗੀ ਰਿਸ਼ਤਾ ਬਣਨਾ ਚਾਹੀਦਾ ਸੀ। ਨਾ ਤਾਂ ਮਸ਼ੀਨ ਦਾ ਗ਼ੁਲਾਮ ਬਣ ਕੇ ਜੀਣ ਵਿਚ ਸਾਰਥਕਤਾ ਹੈ ਤੇ ਨਾ ਹੀ ਕੁਦਰਤ ਨੂੰ ਆਪਣਾ ਗ਼ੁਲਾਮ ਬਣਾ ਕੇ। ਸਾਨੂੰ ਸਹਿਚਾਰੀ ਜੀਵਨ-ਜਾਚ ਖੋਜਣੀ ਪਵੇਗੀ। ਸਵਾਮੀ ਅੰਤਰਨੀਰਵ ਆਪਣੀ ਛੋਟੀ ਜਿਹੀ ਕਵਿਤਾ 'ਮੁਰਸ਼ਦ' ਵਿਚ ਬੜੇ ਹੀ ਪਤੇ ਦੀ ਗੱਲ ਕਰਦਾ ਹੈ: "ਜਿਹਨੂੰ/ਵਧੀਕੀ ਨਾਲ/ਫੱਟੜ ਹੋਏ/ਅੱਗ ਪਾਣੀ ਹਵਾ/ਦੀਂਹਦੇ ਹਨ/ਉਹਦੇ ਮਗਰ ਲੱਗਣਾ ਹੈ/ਉਹਦੀ ਸ਼ਰਨ ਜਾਣਾ ਹੈ।" ਭਾਵ, ਨੁਕਸਾਨ ਵਰਤੋਂ ਨਾਲ ਨਹੀਂ, ਵਧੀਕੀ ਨਾਲ ਹੋ ਰਿਹਾ ਹੈ, ਉਸ ਵਧੀਕੀ ਨਾਲ ਜਿਹੜੀ ਅਸੀਂ ਕੁਦਰਤ ਨਾਲ ਕਰਦੇ ਹਾਂ ਜਾਂ ਮਸ਼ੀਨ ਨੂੰ ਆਪਣੇ ਹੀ ਖ਼ਿਲਾਫ਼ ਕਰਨ ਦਿੰਦੇ ਹਾਂ। ਬੰਬਾਂ, ਮਿਸਾਇਲਾਂ, ਨਿਊਕਲਾਈ ਉਪਕਰਨਾਂ ਅਤੇ ਕੈਮੀਕਲ ਜੰਗ-ਤਕਨੀਕਾਂ ਨਾਲ ਅਸੀਂ ਮਸ਼ੀਨ ਤੋਂ ਬਹੁਤ ਛੋਟੇ ਹੋ ਗਏ ਹਾਂ। ਸਾਨੂੰ ਜਾਣ-ਬੁੱਝ ਕੇ ਛੋਟੇ ਹੋਣ ਤੋਂ ਬਚਣਾ ਚਾਹੀਦਾ ਹੈ, ਕਿਉਂਕਿ ਅਸੀਂ ਸੱਚਮੁੱਚ ਵੱਡੇ ਹਾਂ। ਭਾਸ਼ੋ ਠੀਕ ਕਹਿੰਦਾ ਹੈ: "ਕੰਪਿਊਟਰ ਤਾਂ ਬਣਾ ਲਿਆ ਮਨੁੱਖ ਨੇ/ਪਰ ਨਹੀਂ ਬਣਾ ਸਕਦਾ/ਕੰਪਿਊਟਰ ਕਦੇ ਵੀ/ਮਨੁੱਖ ਨੂੰ/ਰੁੱਖ ਨੂੰ/ਧੁੱਪ ਨੂੰ।"

.......................................................

ਕਹਾਣੀ

# ਇੱਕ ਦਸਤਾਰ ਰੱਤ ਲਿੱਬੜੀ



**ਜਸਵੀਰ ਰਾਣਾ**
**9815659220**

"ਇਹਦੇ ਹੱਥ ਬੰਨ੍ਹ ਕੇ! ...ਜੀਪ 'ਚ ਸਿੱਟੋ ਇਹਨੂੰ!" ਥਾਣੇਦਾਰ ਦਾ ਹੁਕਮ ਸੁਣ ਸਿਪਾਹੀਆਂ ਨੇ ਦਸਤਾਰ ਨਾਲ ਮੇਰੀਆਂ ਬਾਹਵਾਂ ਪਿੱਛੇ ਕਰਕੇ ਬੰਨ੍ਹ ਦਿੱਤੀਆਂ। ਮੈਨੂੰ ਪਿੱਛੇ ਸਿੱਟ ਨਵੇਂ ਸ਼ਿਕਾਰ ਦੀ ਭਾਲ ਵਿੱਚ ਜੀਪ ਫਿਰ ਗਸ਼ਤ ਉੱਪਰ ਚੱਲ ਪਈ।

......................

"ਇਹ ਸੂਰਜ ਦਾ ਸ਼ਿਕਾਰ ਕਰ ਰਹੇ ਨੇ। ਬਚ ਕੇ ਰਹੀਂ ਪੁੱਤ...!" ਕੇ ਸਿਪਾਹੀਆਂ ਦੇ ਪੈਰਾਂ ਵਿੱਚ ਪਿਆਂ ਮੈਨੂੰ ਮਾਂ ਦੀ ਆਖੀ ਗੱਲ ਯਾਦ ਆਈ।

ਮੈਨੂੰ ਤਿਆਰ ਹੁੰਦਾ ਵੇਖ ਉਹ ਹਉਂਕਾ ਲੈ ਬੋਲੀ ਸੀ, "ਤੇਰਾ ਬਾਪੂ ਵੀ ਇਹਨਾਂ ਨੇ ਅੱਜ ਦੇ ਦਿਨ ਈ ਚੁੱਕਿਆ ਸੀ!"

"ਤੂੰ ਡਰ ਨਾ ਮਾਂ। ਕੁੱਝ ਇਤਿਹਾਸ ਦੁਹਰਾਏ ਜਾਣ ਲਈ ਲਿਖੇ ਜਾਂਦੇ ਨਾ ਨੇ...!" ਉਸਦੀ ਗੱਲ ਸੁਣ ਮੈਂ ਦਸਤਾਰ ਦੀ ਪੂਣੀ ਕਰਨ ਲੱਗ ਪਿਆ ਸੀ।

ਮੇਰੀ ਸੁਰਤਿ ਵਿੱਚ ਸੰਤਾਂ ਦਾ ਚਿਹਰਾ ਉਭਰਨ ਲੱਗ ਪਿਆ। ਮੈਂ ਉਨ੍ਹਾਂ ਦਾ ਮੁਰੀਦ ਸੀ। ਕਾਲਜ ਵਿੱਚ ਜਦੋਂ ਉਨ੍ਹਾਂ ਦੀਆਂ ਗੱਲਾਂ ਹੁੰਦੀਆਂ। ਮੈਂ ਹਿੱਕ ਠੋਕ ਕੇ ਆਖਦਾ, "ਹੋਰੁ ਭੀ ਉਠਸੀ ਮਰਦ ਕਾ ਚੇਲਾ... !"

ਬਾਪੂ ਸੰਤਾਂ ਦਾ ਚੇਲਾ ਸੀ। ਉਹ ਖੇਤੀ ਕਰਨ ਵਾਲਾ ਜੱਟ ਸੀ। ਕਿਸੇ ਵੀ ਵਾਰਦਾਤ ਵਿੱਚ ਉਸਦਾ ਹੱਥ ਨਹੀਂ ਸੀ। ਉਸਦਾ ਹਥਿਆਰ ਕਹੀ ਸੀ।

ਉਹ ਕਹੀ ਚੁੱਕ ਨੀਲੀ ਗੋਲ ਦਸਤਾਰ ਸਜਾ ਮੂੰਹ ਹਨੇਰੇ ਹੀ ਖੇਤ ਚਲਾ ਜਾਂਦਾ। ਸਾਰਾ ਦਿਨ ਮਿੱਟੀ ਨਾਲ ਮਿੱਟੀ ਹੁੰਦਾ। ਆਥਣ-ਉੱਗਣ ਥੱਕਿਆ ਟੁੱਟਿਆ ਘਰ ਪਰਤਦਾ।

ਇੱਕ ਦਿਨ ਆਥਣ ਦਾ ਵੇਲਾ ਸੀ। ਉਹ ਜਦੋਂ ਖੇਤ ਗਿਆ। ਮੋਟਰ ਵਾਲੇ ਕੋਠੇ ਦਾ ਜਿੰਦਾ-ਕੁੰਡਾ ਖੁੱਲ੍ਹਾ ਸੀ। ਬਾਣ ਦੇ ਮੰਜੇ 'ਤੇ ਤਿੰਨ ਸਿੰਘ ਬੈਠੇ ਸਨ। ਦੋ ਅਸਾਲਟਾਂ ਚੁੱਕੀਂ ਬਾਹਰ ਪਹਿਰਾ ਦੇ ਰਹੇ ਸਨ। ਉਹਨਾਂ ਨੂੰ ਵੇਖ ਬਾਪੂ ਦੁਚਿੱਤੀ ਵਿੱਚ ਫਸ ਗਿਆ, "ਹੁਣ ਕੀ ਕਰਾਂ...!"

"ਕਰਨਾ ਕੀ ਐ ਸਿੰਘਾ ! ...ਪ੍ਰਸ਼ਾਦਾ-ਪਾਣੀ ਛਕਾ ਛੱਡ ! ...ਰਾਤ ਕੱਟ ਕੇ ਅਸੀਂ ਅੰਮ੍ਰਿਤ ਵੇਲੇ ਈ ਚਾਲੇ ਪਾ ਦਿਆਂਗੇ..!" ਉਨ੍ਹਾਂ ਦਾ ਹੁਕਮ ਮੰਨ ਉਹ ਘਰ ਆ ਗਿਆ।

ਦਾਲ ਪ੍ਰਸ਼ਾਦਾ-ਪਾਣੀ ਨਾਲ ਦੁੱਧ ਲੈ ਖੇਤ ਪਰਤ ਗਿਆ। ਸਿੰਘਾਂ ਨੇ ਉਸ ਨਾਲ ਜਿਆਦਾ ਗੱਲ ਨਹੀਂ ਸੀ ਕੀਤੀ। ਖ਼ਾਲੀ ਭਾਂਡੇ ਚੁਕਾ ਵਾਪਿਸ ਮੋੜ ਦਿੱਤਾ। ਉਨ੍ਹਾਂ ਦੇ ਜਾਣ ਤੋਂ ਬਾਅਦ ਪੁਲਿਸ ਚੜ੍ਹ ਆਈ ਸੀ। ਜਿਸ ਤਰ੍ਹਾਂ ਮੈਨੂੰ ਜੀਪ ਵਿੱਚ ਸਿੱਟਿਆ ਹੋਇਆ ਸੀ। ਉਸੇ ਤਰ੍ਹਾਂ ਬਾਪੂ ਨੂੰ ਸਿੱਟ ਲਾਲ ਬੱਤੀ ਵਾਲੀ ਜੀਪ ਪਿੰਡ ਦੀ ਜੂਹ ਵਿੱਚੋਂ ਬਾਹਰ ਹੋ ਗਈ ਸੀ।

"ਗੱਲ ਸਮਝ ਤੋਂ ਬਾਹਰ ਐ ਭਾਈ! ਜਿਸ ਥਾਣੇ 'ਚ ਵੀ ਜਾਨੇ ਆਂ! . ਉਹ ਆਖ ਦਿੰਦੇ ਨੇ ਉਹਨੂੰ ਅਗਲੇ ਥਾਣੇ ਆਲੇ ਪੁੱਛ-ਗਿੱਛ ਲਈ ਲੈ ਗਏ..!" ਬਾਪੂ ਦਾ ਖੁਰਾ-ਖੋਜ ਲੱਭਣ ਜਾਂਦਾ ਪਿੰਡ ਉਦਾਸ ਹੋ ਘਰ ਪਰਤ ਆਉਂਦਾ। ਉਹ ਮੁੜ ਨਹੀਂ ਸੀ ਪਰਤਿਆ। ਬੀਤਿਆ ਵਕਤ ਉਸਨੂੰ ਜਿਉਂਦੇ-ਮੋਇਆਂ ਦੀ ਹੱਦ ਤੋਂ ਪਾਰ ਲੈ ਗਿਆ ਸੀ।

ਮਾਂ ਦੇਹਲੀ ਉੱਪਰ ਬੈਠੀ ਉਡੀਕਦੀ ਰਹਿੰਦੀ। ਉਸਦੇ ਹੱਥ ਵਿੱਚ ਅਖ਼ਬਾਰ ਹੁੰਦਾ। ਉਹ ਮੱਥੇ ਉੱਪਰ ਹੱਥ ਮਾਰ ਆਖਦੀ, "ਇਸ ਉਡੀਕ ਨਾਲੋਂ ਤਾਂ ਤੇਰੇ ਮੁਕਾਬਲੇ ਦੀ ਖ਼ਬਰ ਈ ਛਪ ਜਾਂਦੀ...!"

ਜਿਸ ਦਿਨ ਕਿਸੇ ਦੇ ਪੁਲਿਸ ਮੁਕਾਬਲੇ ਦੀ ਖ਼ਬਰ ਛਪਦੀ। ਉਹ ਰੋਣ ਲੱਗ ਪੈਂਦੀ, "ਵੇ ਇਹਦੇ ਨਾਲੋਂ ਤਾਂ ਤੇਰੀ ਉਡੀਕ ਈ ਚੰਗੀ ਐ...!"

"ਨਾ ਮੁਕਾਬਲਾ ਚੰਗਾ ! ਨਾ ਉਡੀਕ ਚੰਗੀ ! ... ਜਿਹੜਾ ਚੰਗਾ ਸੀ ਉਹ ਤਾਂ ਚਲਿਆ ਗਿਆ!" ਮੈਂ ਲਾਪਤਾ ਬਾਪੂ ਦੀ ਖ਼ਬਰ ਕੱਟ ਕੇ ਕੰਧ 'ਤੇ ਚਿਪਕਾ ਲਈ ਸੀ।

ਜਿੱਥੇ ਸ਼ੀਸ਼ਾ ਟੰਗਿਆ ਹੋਇਆ ਸੀ। ਉਸਦੇ ਇੱਕ ਪਾਸੇ ਬਾਪੂ ਦੀ ਖ਼ਬਰ ਸੀ। ਦੂਜੇ ਪਾਸੇ ਦਸਤਾਰ ਸਜਾਉਂਦੇ ਸੰਤਾਂ ਦੀ ਫੋਟੋ ਚਿਪਕਾਈ ਹੋਈ ਸੀ। ਦਸਤਾਰ ਦੀ ਪੂਣੀ ਕਰਨ ਤੋਂ ਬਾਅਦ ਜਦੋਂ ਮੈਂ ਸ਼ੀਸ਼ੇ ਅੱਗੇ ਖੜ੍ਹਿਆ। ਮੇਰੀ ਸੁਰਤਿ ਵਿੱਚ ਪਾਠ ਹੋਣ ਲੱਗਿਆ।

ਪਾਠ ਦੀ ਸਮਾਪਤੀ ਕਰ ਇੱਕ ਨੂਰੀ ਚਿਹਰਾ ਉੱਭਰਿਆ। ਉਸਨੇ ਦਸਤਾਰ ਚੁੱਕ ਕੇ ਗੋਦੀ ਵਿੱਚ ਰੱਖੀ। ਗਾਤਰਾ ਕ੍ਰਿਪਾਨ ਕੱਢੀ। ਖੱਬੇ ਹੱਥ ਦੀ ਉਂਗਲ ਨੂੰ ਚੀਰਾ ਦੇ ਮਿਆਨ ਵਿੱਚ ਪਾ ਲਈ।

"ਸਤਿਨਾਮ !... ਵਾਹਿਗੁਰੂ...!" ਖ਼ੂਨ ਦਾ ਛਿੱਟਾ ਦੇ ਉਹ ਦੋਵਾਂ ਹੱਥਾਂ ਨਾਲ ਦਸਤਾਰ ਸਜਾਉਣ ਲੱਗ ਪਿਆ। ਮੈਂ ਜਦੋਂ ਅੱਖਾਂ ਖੋਲ੍ਹੀਆਂ। ਮੇਰੇ ਸਿਰ ਉੱਪਰ ਬਹੁਤ ਸੋਹਣੀ ਦਸਤਾਰ ਸਜੀ ਹੋਈ ਸੀ। ਉਸੇ ਦਸਤਾਰ ਨਾਲ ਸਿਪਾਹੀਆਂ ਨੇ ਮੇਰੀਆਂ ਬਾਹਵਾਂ ਪਿੱਛੇ ਬੰਨ੍ਹ ਦਿੱਤੀਆਂ।

........................

ਜੀਪ ਚੱਲ ਰਹੀ ਸੀ। ਮੈਂ ਚੁੱਪ-ਚਾਪ ਪਿਆ ਸੀ। ਮੇਰੇ ਚਿਹਰੇ ਉੱਪਰ ਡਰ ਦਾ ਨਾਮੋ-ਨਿਸ਼ਾਨ ਨਹੀਂ ਸੀ। ਸੜਕਾਂ ਉੱਪਰ ਘੁੰਮਦੀ ਜੀਪ ਥਾਣੇ ਜਾ ਕੇ ਰੁਕ ਗਈ। ਸਿਪਾਹੀਆਂ ਨੇ ਮੈਨੂੰ ਹਵਾਲਾਤ ਵਿੱਚ ਬੰਦ ਕਰ ਦਿੱਤਾ। ਹਨੇਰਾ ਹੋਣ ਤੱਕ ਮੈਂ ਬਾਹਵਾਂ ਪਿੱਛੇ ਬੰਨ੍ਹੀ ਫਰਸ਼ ਉੱਪਰ ਪਿਆ ਰਿਹਾ। ਰਾਤ ਨੂੰ ਦਸ ਕੁ ਵਜੇ ਦੋ ਸਿਪਾਹੀ ਮੈਨੂੰ ਉਠਾ ਕੇ ਇੱਕ ਡਰਾਉਣੇ ਜਿਹੇ ਕਮਰੇ ਵਿੱਚ ਲੈ ਗਏ। ਉਹ ਕਮਰਾ ਬਹੁਤ ਵੱਡਾ ਸੀ।

"ਚੱਲ ! ਕੱਪੜੇ ਲਾਹ...!" ਉਹਨਾਂ ਦੀ ਗੱਲ ਸੁਣ ਪਹਿਲਾਂ ਤਾਂ ਮੈਨੂੰ ਸੰਗ ਜਿਹੀ ਲੱਗੀ।

ਮੇਰੀ ਝਿਜਕ ਵੇਖ ਉਹ ਹੱਸਣ ਲੱਗ ਪਏ, "ਲਾਹੁਨੈ! ...ਕਿ ਅਸੀਂ ਲਾਹੀਏ ਫੇਰ...!

ਅੱਖ ਦੀ ਸ਼ਰਮ ਇੱਕ ਪਾਸੇ ਰੱਖ ਮੈਂ ਸਾਰੇ ਕੱਪੜੇ ਲਾਹ ਕੇ ਨੰਗਾ ਹੋ ਗਿਆ। ਛੱਤ ਨਾਲ ਇੱਕ ਮੋਟਾ ਰੱਸਾ ਲਟਕਦਾ ਸੀ। ਉਸ ਨਾਲ ਪੈਰ ਬੰਨ੍ਹ ਉਨ੍ਹਾਂ ਮੈਨੂੰ ਪੁੱਠਾ ਟੰਗ ਲਿਆ।

"ਕਿਉਂ! ...ਡਰ ਲੱਗਦੈ ਕਿ ਨਹੀਂ..!" ਤਾੜ-ਤਾੜ ਡਾਂਗ ਵਰਨ ਲੱਗੀ ਮੈਂ ਦੰਦਾਂ ਵਿੱਚ ਜੀਭ ਦੇ ਲਈ। ਨਾ ਚੀਕਾਂ। ਨਾ ਗਾਲ੍ਹਾਂ। ਨਾ ਰੋਇਆ। ਮੇਰਾ ਚਿਹਰਾ ਪਹਿਲਾਂ ਨਾਲੋਂ ਵੀ ਬੇਖ਼ੌਫ਼ ਹੋ ਗਿਆ। ਜਿਸ ਵਕਤ ਥਾਣੇਦਾਰ ਆਇਆ। ਉਸ ਦੀਆਂ ਅੱਖਾਂ ਮੇਰੇ ਚਿਹਰੇ ਉੱਪਰ ਟਿਕੀਆਂ ਹੋਈਆਂ ਸਨ। ਉਹ ਡਰ ਦੇ ਨਿਸ਼ਾਨ ਲੱਭ ਰਿਹਾ ਸੀ।

"ਨਾ ਡਰ ! ਨਾ ਖ਼ੌਫ਼ !" ਹਵਾ ਨਾਲ ਗੱਲਾਂ ਕਰਦਾ ਉਹ ਕਮਰੇ ਵਿੱਚੋਂ ਬਾਹਰ ਨਿਕਲ ਗਿਆ। ਉਸਦੇ ਜਾਣ ਤੋਂ ਬਾਅਦ ਇੱਕ ਸਿਪਾਹੀ ਮੇਰੇ ਕੋਲ ਆਇਆ। ਇਕੱਲਾ ਪਜਾਮਾ ਪਾਈਂ ਮੈਂ ਕੰਧ ਨਾਲ ਢੋਅ ਲਾਈ ਬੈਠਾ ਸੀ।

ਉਹ ਮੇਰੇ ਅੱਗੇ ਪੈਰਾਂ ਭਾਰ ਬੈਠ ਗਿਆ, "ਛੋਟਿਆ ! ਸ਼ਾਇਦ ਤੈਨੂੰ ਪਤਾ ਨੀ ਦੁਨੀਆਂ 'ਤੇ ਕੀ ਹੋ ਰਿਹਾ...!"

"ਤੇਰੀ ਉਮਰ ਵੇਖ ਮੈਨੂੰ ਡਰ ਲੱਗ ਰਿਹਾ ! ...ਤੂੰ ਵੀ ਡਰ ਜਾ ਕਾਕਾ ਉਸਦੀ ਗੱਲ ਸੁਣ ਮੇਰਾ ਜ਼ਖ਼ਮੀ ਚਿਹਰਾ ਪਹਿਲਾਂ ਨਾਲੋਂ ਵੀ ਚਮਕ ਉੱਠਿਆ। ਮੈਂ ਉਸ ਦੀਆਂ ਅੱਖਾਂ ਵਿੱਚ ਅੱਖਾਂ ਪਾ ਲਈਆਂ, "ਡਰ ਜਾਵਾਂ! ਤੋਂ! ...ਕਿਉਂ ਡਰਾਂ...!"

"ਕਿਉਂਕਿ ਇਹ ਥਾਣੇਦਾਰ ਪੁੱਠੀ ਖੋਪੜੀ ਦਾ ਐ! ...ਇਹ ਤੇਰੇ ਚਿਹਰੇ 'ਤੇ ਡਰ ਵੇਖਣਾ ਚਾਹੁੰਦਾ..!" ਮੇਰੇ ਮੋਢੇ 'ਤੇ ਹੱਥ ਰੱਖ ਉਹ ਉੱਠ ਕੇ ਖੜ੍ਹਾ ਹੋ ਗਿਆ।

ਮੈਂ ਉਸਨੂੰ ਆਵਾਜ਼ ਮਾਰੀ, ਜਾ ਕੇ ਆਪਣੇ ਥਾਣੇਦਾਰ ਨੂੰ ਕਹਿ ਦੇ! ਉਹਦੀ ਇਹ ਇੱਛਾ ਪੂਰੀ ਨਹੀਂ ਹੋਣੀ।"

"ਚੰਗਾ! ..ਤੇਰੀ ਮਰਜ਼ੀ ..!" ਮੇਰੀ ਗੱਲ ਸੁਣ ਉਹ ਫਿਰ ਨਹੀਂ ਪਰਤਿਆ। ਹਵਾਲਾਤ ਵਿੱਚ ਸੰਨਾਟਾ ਛਾ ਗਿਆ। ਰਾਤ ਗਹਿਰੀ ਹੋਣ ਲੱਗੀ। ਮੇਰਾ ਚਿਹਰਾ ਸੂਰਜ ਵਾਂਗ ਚਮਕਣ ਲੱਗਿਆ।

...............

ਪੁਲਿਸ ਦੀ ਕੁੱਟ ਖਾਂਦਿਆਂ ਤਿੰਨ ਰਾਤਾਂ ਬੀਤ ਗਈਆਂ ਸਨ। ਚੌਥੀ ਰਾਤ ਅੱਧੀ ਕੁ ਰਾਤ ਰੌਲਾ ਪੈਂਦਾ ਸੁਣ ਮੇਰੀ ਅੱਖ ਖੁੱਲ੍ਹ ਗਈ। ਕੰਧ ਨਾਲ ਢੋਅ ਲਾਈਂ ਬੈਠਿਆਂ ਮੈਨੂੰ ਨੀਂਦ ਆ ਗਈ ਸੀ।

"ਇਹਨਾਂ ਨੂੰ ਸੌਣ ਨੀ ਦੇਣਾ..!" ਗੈਲਰੀ ਵਿੱਚ ਤੁਰੀ ਆ ਰਹੀ ਪੈੜ- ਚਾਲ ਤੋਂ ਉੱਚੀ ਥਾਣੇਦਾਰ ਬੋਲ ਰਿਹਾ ਸੀ। ਚਾਰ ਜਣਿਆਂ ਨੂੰ ਫੜੀਂ ਸਿਪਾਹੀ ਹਵਾਲਾਤ ਵੱਲ ਨੂੰ ਆ ਰਹੇ ਸਨ। ਉਹ ਸਾਰੇ ਮੇਰੇ ਵਾਂਗ ਲੰਗ ਮਾਰ ਕੇ ਤੁਰ ਰਹੇ ਸਨ।

ਉਨ੍ਹਾਂ ਵਿੱਚ ਇੱਕ ਪੰਜਾਹ ਕੁ ਸਾਲ ਦਾ ਬਜ਼ੁਰਗ ਸੀ। ਉਸਨੇ ਅੰਮ੍ਰਿਤ ਛਕਿਆ ਹੋਇਆ ਸੀ। ਉਹ ਬਹੁਤ ਸਿਆਣਪ ਨਾਲ ਬੋਲਦਾ ਸੀ। ਮੇਰੇ ਵੱਲ ਵੇਖ ਉਹ ਸ਼ਾਂਤ ਸੁਰ ਵਿੱਚ ਬੋਲਿਆ, "ਮੇਰਾ ਭਰਾ ਸਿੰਘਾਂ 'ਚ ਸੀ...!"

"ਮੈਂ ਤਾਂ ਇੱਕ ਵਾਰ ਸਿੰਘਾਂ ਨੂੰ ਪਨਾਹ ਹੀ ਦਿੱਤੀ ਸੀ ..!" ਤੀਹ ਕੁ ਸਾਲ ਦਾ ਕਮਜ਼ੋਰ ਸਰੀਰ ਵਾਲਾ ਬੰਦਾ ਕੀਤੀ ਉੱਪਰ ਪਛਤਾ ਰਿਹਾ ਸੀ।

ਮੇਰੀ ਉਮਰ ਤੋਂ ਦੋ ਕੁ ਸਾਲ ਵੱਡਾ ਮੁੰਡਾ ਬਹੁਤ

ਫੁਰਤੀਲਾ ਸੀ। ਉਹ ਦਲੇਰ ਸੀ। ਹਰ ਗੱਲ ਵਿੱਚ ਪੁਲਿਸ ਵਾਲਿਆਂ ਨੂੰ ਗਾਲ੍ਹਾਂ ਕੱਢਦਾ, "ਹਾਂ ਮੈਂ ਹਿੱਕ ਠੋਕ ਕੇ ਕਹਿਨਾ! ਮੇਰਾ ਯਾਰ ਖਾੜਕੂ ਐ..!"

"ਖਾੜਕੂ ਕੀ ਹੁੰਦੇ ਨੇ ! ਮੈਨੂੰ ਤਾਂ ਇਹ ਵੀ ਨਹੀਂ ਪਤਾ..!" ਤੇਰਾਂ- ਚੌਦਾਂ ਸਾਲਾਂ ਦਾ ਅਲੂਆਂ ਜਿਹਾ ਮੁੰਡਾ ਅਮੀਰ ਘਰ ਦਾ ਸੀ। ਉਹ ਮਾਸੂਮ ਜਿਹਾ ਮੂੰਹ ਬਣਾ ਕੇ ਬਹੁਤ ਪਿਆਰੀਆਂ ਗੱਲਾਂ ਕਰਦਾ। ਉਸ ਵੱਲ ਵੇਖ ਮੈਨੂੰ ਮਾਂ ਯਾਦ ਆ ਜਾਂਦੀ।

"ਥੋਡੀ ਮਾਂ ਦੀ ਥੋਡੀ ਦੀ..!" ਉਹਨਾਂ ਨੂੰ ਦੋ ਰਾਤਾਂ ਮੇਰੇ ਸਾਹਮਣੇ ਨੰਗਾ ਕਰ ਪੁੱਠਾ ਟੰਗ ਕੇ ਕੁੱਟਿਆ ਗਿਆ।

ਜਦੋਂ ਸਿਪਾਹੀ ਕੁੱਟਦੇ ਸਨ। ਉਹ ਮੈਨੂੰ ਆਖਦੇ, "ਤੂੰ ਅੱਖ ਨੀ ਝਪਕਣੀ ! ਇਹਨਾਂ ਵੱਲ ਵੇਖੀ ਜਾ...!

"ਵੇਖਦੇ ਜਾਓ ! ਥੋਡੇ ਨਾਲ ਕਰਦੇ ਕੀ-ਕੀ ਆਂ...!" ਤੀਜੀ ਰਾਤ ਮੈਨੂੰ ਉਹਨਾਂ ਨਾਲ ਨਵੇਂ ਜ਼ਿਲ੍ਹੇ ਦੇ ਥਾਣੇ ਵਿੱਚ ਛੱਡ ਕੇ ਆਉਣ ਬਾਰੇ ਦੱਸ ਦਿੱਤਾ ਸੀ।

ਜਿਸ ਵਕਤ ਸਾਨੂੰ ਹਵਾਲਾਤ ਵਿੱਚੋਂ ਕੱਢਿਆ ਗਿਆ। ਅੱਧੀ ਰਾਤ ਸੀ। ਦਲੇਰ ਫੁਰਤੀਲਾ ਮੁੰਡਾ ਮੈਨੂੰ ਆਖਣ ਲੱਗਾ, "ਤਕੜਾ ਹੋ ਸਿੰਘਾ! ਗੁਰੂ ਵੱਲ ਚੱਲੀਏ..!"

"ਨਹੀਂ ਨਹੀਂ! ਮੈਨੂੰ ਨਾ ਮਾਰੋ ! ...ਮੇਰੇ ਬਿਨਾਂ ਮੇਰੀਆਂ ਭੈਣਾਂ, ਮੇਰੀ ਮਾਂ, ਪਾਪਾ ਤੇ ਮੇਰਾ ਕੁੱਤਾ ਮਰ ਜਾਣਗੇ..!" ਗੱਡੀ ਵਿੱਚ ਬੈਠਣ ਲੱਗਿਆਂ ਅਲੂਆਂ ਮੁੰਡਾ ਵਾਰ-ਵਾਰ ਆਖ ਰਿਹਾ ਸੀ।

ਡਰ ਨਾਲ ਉਸਨੂੰ ਬੁਖਾਰ ਚੜ੍ਹ ਗਿਆ। ਉਹ ਥੋੜ੍ਹੀ ਦੇਰ ਬਾਅਦ ਬੇਹੋਸ਼ ਹੋ ਜਾਂਦਾ। ਜਦੋਂ ਹੋਸ਼ ਆਉਂਦੀ। ਉਹ ਰੋਣ ਲੱਗ ਪੈਂਦਾ।

ਉਸਦੇ ਰੋਣ ਦੀ ਆਵਾਜ਼ ਗੱਡੀਆਂ ਦੀ ਗੂੰਜ ਹੇਠ ਦੱਬ ਗਈ ਸੀ। ਤਿੰਨ ਗੱਡੀਆਂ ਸਨ। ਜਦੋਂ ਕਾਫ਼ਲਾ ਛੋਟੀਆਂ-ਛੋਟੀਆਂ ਪਹਾੜੀਆਂ ਵੱਲ ਨੂੰ ਮੁੜਿਆ। ਉਹ ਮੁੰਡਾ ਫਿਰ ਡਰ ਗਿਆ। ਉਹ ਰੌਲਾ ਪਾਉਣ ਲੱਗਾ, "ਇਹ ਰਸਤਾ ਮੇਰੇ ਪਿੰਡ ਨੂੰ ਨਹੀਂ ਜਾਂਦਾ!"

"ਇਹ ਨੇੜੇ ਦਾ ਰਸਤਾ ਐ...!" ਸਿਪਾਹੀਆਂ ਦੀ ਗੱਲ ਸੁਣ ਉਹ ਉੱਚੀ- ਉੱਚੀ ਚੀਕਾਂ ਮਾਰਨ ਲੱਗਾ। ਉਸ ਦੀਆਂ ਚੀਕਾਂ ਬੇਹੋਸ਼ੀ ਵਿੱਚ ਡੁੱਬ ਗਈਆਂ। ਗੱਡੀਆਂ ਇੱਕ ਨਦੀ ਕਿਨਾਰੇ ਜਾ ਕੇ ਰੁਕ ਗਈਆਂ।

"ਸਾਰਿਆਂ ਨੂੰ ਹੇਠਾਂ ਉਤਾਰੋ...!" ਥਾਣੇਦਾਰ ਦਾ ਹੁਕਮ ਸੁਣ ਸਾਨੂੰ ਹੇਠਾਂ ਉਤਾਰ ਲਿਆ।

ਉਹਨਾਂ ਚਾਰਾਂ ਨੂੰ ਇੱਕ ਪਾਸੇ ਖੜ੍ਹਾ ਦਿੱਤਾ। ਮੈਨੂੰ ਇੱਕ ਪੱਥਰ ਉੱਪਰ ਬਿਠਾ ਥਾਣੇਦਾਰ ਆਖਣ ਲੱਗਾ, "ਲੈ ਵੇਖ! ਤੈਨੂੰ ਅੱਜ ਇੱਕ ਨਾਟਕ ਦਿਖਾਵਾਂ!"

"ਲਓ ਬਈ ਸਿੰਘੋ ! ਔਹ ਸਾਹਮਣੇ ਨਦੀ ਐ! ਮੈਂ ਗੋਲੀ ਚਲਾਊਂਗਾ ! ਜਿਹੜਾ ਭੱਜ ਕੇ ਨਦੀ ਪਾਰ ਕਰ ਗਿਆ। ਉਹਨੂੰ ਅਸੀਂ ਕੁਝ ਨਹੀਂ ਕਹਿੰਦੇ।" ਹੱਥ ਵਿੱਚ ਅਸਾਲਟ ਚੁੱਕੀ ਉਹ ਨਿਰਦੇਸ਼ ਦੇਣ ਵਾਂਗ ਬੋਲਿਆ। ਸਭ ਤੋਂ ਪਹਿਲਾਂ ਬਜ਼ੁਰਗ ਦੀ ਹੱਥਕੜੀ ਖੋਲ੍ਹੀ ਗਈ। ਪਰ ਉਹ ਭੱਜਿਆ ਨਹੀਂ। ਚੌਂਕੜੀ ਮਾਰ ਕੇ ਰੇਤ 'ਤੇ ਬੈਠ ਗਿਆ।

"ਚੱਲ ਫੇਰ ! ..ਤੇਰੀ ਐਥੀ ਰੇਤ ਸਮਾਧੀ ਲਾ ਦਿੰਨੇ ਆਂ...!" ਥਾਣੇਦਾਰ ਨੇ ਉਸਦੇ ਸਿਰ ਵਿੱਚ ਗੋਲੀ ਮਾਰੀ।

ਬਜ਼ੁਰਗ ਦੇ ਖੂਨ ਨਾਲ ਰੇਤ ਭਿਜ ਗਈ। ਪੈਂਤੀ ਕੁ ਸਾਲ ਦਾ ਬੰਦਾ ਡਰ ਗਿਆ। ਹਥਿਆਰ ਵਾਲਾ ਹੱਥ ਉਸਨੂੰ ਆਖਣ ਲੱਗਾ, "ਚੱਲ! ... ਭੱਜ...!"

ਜਾਨ ਬਚਾਉਣ ਲਈ ਉਹ ਬਹੁਤ ਤੇਜ਼ ਭੱਜਿਆ। ਪਰ ਗੋਲੀ ਦੀ ਮਾਰ ਤੋਂ ਦੂਰ ਨਾ ਜਾ ਸਕਿਆ। ਪਿੱਛੋਂ ਮਾਰੀ ਗੋਲੀ ਉਸਦੀ ਪਿੱਠ ਵਿੱਚ ਵੱਜੀ। ਦੋ ਲਾਸ਼ਾਂ ਢੇਰੀ ਕਰ ਥਾਣੇਦਾਰ ਮੇਰੇ ਕੋਲ ਆ ਕੇ ਖੜ੍ਹ ਗਿਆ। ਉਸਨੇ ਸਿਪਾਹੀ ਨੂੰ ਆਵਾਜ਼ ਮਾਰੀ, "ਲਿਆ ਓਏ! ਇਹਦੇ ਚਿਹਰੇ 'ਤੇ ਟਾਰਚ ਮਾਰ !"

"ਨਹੀਂ! ...ਅਜੇ ਵੀ ਨਹੀਂ ਡਰਿਆ...!" ਨਾਂਹ ਵਿੱਚ ਸਿਰ ਮਾਰਦਾ ਉਹ ਅਗਲੇ ਸ਼ਿਕਾਰ ਵੱਲ ਨੂੰ ਤੁਰ ਪਿਆ। ਉਸ ਵੱਲ ਵੇਖ ਫੁਰਤੀਲਾ ਮੁੰਡਾ ਹੱਥਕੜੀ ਖੋਲ੍ਹਣ ਦੀ ਕੋਸ਼ਿਸ਼ ਕਰਨ ਲੱਗਾ, "ਇੱਕ ਵਾਰੀ ਮੇਰੇ ਹੱਥ ਖੋਲ੍ਹ! ਤੈਨੂੰ ਦਿਖਾਵਾਂ ਤਾਰੇ..!"

"ਤਾਰੇ ਤੈਨੂੰ ਮੈਂ ਦਿਖਾਉਨਾ...!" ਥਾਣੇਦਾਰ ਨੇ ਅਸਾਲਟ ਗੱਡੀ ਵਿੱਚ ਰੱਖ ਰਿਵਾਲਵਰ ਚੁੱਕ ਲਿਆ। ਉਹ ਫੁਰਤੀ ਨਾਲ ਮੁੰਡੇ ਕੋਲ ਗਿਆ। ਉਸਦੇ ਮੂੰਹ ਵਿੱਚ ਨਾਲੀ ਪਾ ਘੋੜਾ ਦੱਬ ਦਿੱਤਾ। ਗੋਲੀ ਸਿਰ ਦੇ ਪਿਛਲੇ ਪਾਸੇ ਦੀ ਆਰ-ਪਾਰ ਲੰਘ ਗਈ।

"ਹਈ.ਈ.ਈ...! ...ਡਰ ਲੱਗਦੈ..!" ਲਾਸ਼ ਡਿੱਗਦੀ ਵੇਖ ਅਲੂਆਂ ਜਿਹਾ ਮੁੰਡਾ ਚੀਕਾਂ ਮਾਰਨ ਲੱਗ ਪਿਆ।

ਉਸ ਵੱਲ ਵੇਖ ਥਾਣੇਦਾਰ ਨੇ ਟਾਰਚ ਫੜ ਮੇਰੇ ਚਿਹਰੇ ਉੱਪਰ ਰੌਸ਼ਨੀ ਸੁੱਟੀ, ਦੇਖੀਂ! ਹੁਣ ਡਰ ਲੱਗੂਗਾ...!"

"ਆਹ ਫੜੀਂ..!" ਟਾਰਚ ਫੜਾ ਉਸ ਜਿਸ ਵਕਤ ਨੰਨੀ ਜਿੰਦ ਵੱਲ ਨੂੰ ਵਧਣ ਲੱਗਿਆ।

ਮੁੰਡਾ ਦਹਿਲ ਕੇ ਹੇਠਾਂ ਡਿੱਗ ਪਿਆ। ਉਸਨੂੰ ਬੂਟ ਦੇ ਠੁੱਡੇ ਨਾਲ ਸਿੱਧਾ ਕਰਦਾ ਹੋਇਆ ਥਾਣੇਦਾਰ ਹੇਠਾਂ ਝੁਕਿਆ, "ਓਏ ਇਹ ਤਾਂ ਮਾਰਨ ਤੋਂ ਪਹਿਲਾਂ ਈ ਮਰ

ਗਿਆ!"

ਮਾਸੂਮ ਦੀ ਮੌਤ ਵੇਖ ਨਦੀ ਵਿੱਚ ਤੂਫ਼ਾਨ ਆ ਗਿਆ। ਲਹਿਰਾਂ ਦੀ ਸਾਂ ਸਾਂ ਹੋਣ ਲੱਗੀ। ਗੋਲੀਆਂ ਦੀ ਵਾਛੜ ਨਾਲ ਸੁੰਨਾ ਇਲਾਕਾ ਕੰਬ ਉੱਠਿਆ।

"ਮਰੋ ਥੋਡੀ ਭੈਣ ਨੂੰ! ਸਿੰਘਾਂ ਦਾ ਹਮਲਾ ਹੋ ਗਿਆ...!" ਸਿਪਾਹੀਆਂ ਦੀ ਆਵਾਜ਼ ਸੁਣ ਥਾਣੇਦਾਰ ਭੱਜ ਕੇ ਬੁੱਲਟ ਪਰੂਫ ਗੱਡੀ ਦੀ ਓਟ ਵਿੱਚ ਹੋਣ ਲੱਗਿਆ ਪਰ ਗੋਲੀ ਉਸਦੇ ਮੱਥੇ ਵਿੱਚ ਆ ਵੱਜੀ। ਉਹ ਗੇੜਾ ਖਾ ਕੇ ਅਲੂਏਂ ਮੁੰਡੇ ਦੀ ਲਾਸ਼ ਕੋਲ ਡਿੱਗ ਪਿਆ। ਦੋਵਾਂ ਪਾਸਿਆਂ ਤੋਂ ਫਾਇਰਿੰਗ ਹੋਣ ਲੱਗੀ। ਖਾਕੀ ਵਰਦੀ ਬਚਾਅ ਲਈ ਭੱਜਣ ਲੱਗੀ।

ਮੈਂ ਵੀ ਖਤਾਨਾਂ ਵਿੱਚ ਛਾਲ ਮਾਰ ਦਿੱਤੀ। ਦੂਰ ਤੱਕ ਸੰਘਣਾ ਹਨੇਰਾ ਸੀ। ਮੈਂ ਹਨੇਰੇ ਵਿੱਚ ਕੂਹਣੀਆਂ ਭਾਰ ਰੀਂਗਣ ਲੱਗਾ। ਜਿਸ ਵਕਤ ਪਾਣੀ ਦੀ ਛੋਹ ਮਹਿਸੂਸ ਹੋਈ। ਮੈਂ ਨਦੀ ਵਿੱਚ ਤੈਰਨ ਲੱਗਾ। ਉਸ ਪਾਰ ਪਹੁੰਚਦਿਆਂ ਅੰਮ੍ਰਿਤ ਵੇਲਾ ਹੋ ਗਿਆ ਸੀ। ਪਿੰਡ ਦੇ ਗੁਰਦੁਆਰੇ ਵਿੱਚ ਪਾਠੀ ਪਾਠ ਕਰ ਰਿਹਾ ਸੀ।

"ਸਤਿਨਾਮ! ਵਾਹਿਗੁਰੂ!" ਮੈਂ ਪਾਠ ਕਰਦਾ ਹੋਇਆ ਹੌਲੀ-ਹੌਲੀ ਨੱਕ ਦੀ ਸੇਧ ਵਿੱਚ ਤੁਰ ਪਿਆ।

ਖੇਤਾਂ ਵਿੱਚ ਦੀ ਤੁਰਦਾ ਕਈ ਪਿੰਡ ਪਾਰ ਕਰ ਸ਼ਹਿਰ ਪੁੱਜ ਗਿਆ। ਨਜ਼ਦੀਕ ਹੀ ਬਸ-ਅੱਡਾ ਸੀ। ਮੈਂ ਉੱਥੇ ਸ਼ੈੱਡ ਹੇਠਾਂ ਬੈਂਚ 'ਤੇ ਬੈਠ ਗਿਆ। ਬਸਾਂ ਆ ਰਹੀਆਂ ਸਨ। ਜਾ ਰਹੀਆਂ ਸਨ। ਸਵਾਰੀਆਂ ਚੜ੍ਹ ਰਹੀਆਂ ਸਨ। ਉੱਤਰ ਰਹੀਆਂ ਸਨ। ਮੇਰੀ ਨਜ਼ਰ ਬਸ ਵਿਚੋਂ ਉੱਤਰੀ ਇੱਕ ਸਵਾਰੀ ਉੱਪਰ ਜਾ ਟਿਕੀ। ਉਹ ਸਾਡੇ ਪਿੰਡ ਵਾਲਾ ਰੂਪ ਪੰਚ ਸੀ।

ਉਸਨੇ ਮੈਨੂੰ ਵੇਖ ਲਿਆ। ਉਹ ਕਾਹਲੇ ਕਦਮੀਂ ਤੁਰਦਾ ਨਜ਼ਦੀਕ ਆ ਗਿਆ, "ਬਾਜ! ...ਤੂੰ ਐਥੇ ਬੈਠਾਂ ! ਘਰੇ ਤੇਰੀ ਮਾਂ ਉਡੀਕਦੀ ਐ! ...ਚੱਲ ਮੇਰੇ ਨਾਲ...!"

"ਨਹੀਂ ਚਾਚਾ ! ਮੈਂ ਹੁਣ ਪਿੰਡ ਨਹੀਂ ਜਾ ਸਕਦਾ! ਤੂੰ ਮੈਨੂੰ ਕੁੱਝ ਪੈਸੇ ..!" ਮੁੜੇ-ਤੁੜੇ ਕੁਝ ਨੋਟ ਮੇਰੀ ਜੇਬ ਵਿੱਚ ਪਾ ਉਹ ਵਾਪਿਸ ਪਿੰਡ ਵਾਲੀ ਬਸ ਬੈਠ ਗਿਆ।

ਉਹ ਆਉਣ ਸਾਰ ਕਿਉਂ ਪਰਤ ਗਿਆ ਸੀ! ਮੇਰਾ ਮੱਥਾ ਠਣਕਿਆ। ਮੈਂ ਭੱਜ ਕੇ ਉਸਦੀ ਸੀਟ ਵਾਲੇ ਸ਼ੀਸ਼ੇ ਕੋਲ ਜਾ ਖੜ੍ਹਿਆ, "ਚਾਚਾ ਤੈਨੂੰ ਮੇਰੀ ਸਹੁੰ ! ਕਿਸੇ ਨੂੰ ਪਿੰਡ ਨਾ ਦੱਸੀਂ..!"

"ਪਿੰਡ ਤਾਂ ਰੋਜ਼ ਤੈਨੂੰ ਉਡੀਕਦਾ!" ਅੱਖਾਂ ਪੂੰਝ ਉਸਨੇ ਪਰ੍ਹਾਂ ਨੂੰ ਮੂੰਹ ਭੁਆ ਲਿਆ।

ਬਸ ਤੁਰ ਪਈ। ਮੈਂ ਕਿਤਾਬਾਂ ਵਾਲੇ ਖੋਖੇ ਵੱਲ ਨੂੰ ਤੁਰ ਪਿਆ। ਉਸ ਕੋਲ ਅਖ਼ਬਾਰ ਵੀ ਸਨ। ਮੈਂ ਇੱਕ ਅਖ਼ਬਾਰ ਖ਼ਰੀਦ ਕੇ ਪੜ੍ਹਨ ਲੱਗ ਪਿਆ। ਉਸਦੀ ਮੁੱਖ ਸੁਰਖੀ ਸੀ- ਪੁਲਿਸ ਮੁਕਾਬਲਾ ਕਰਨ ਆਈ ਪੁਲਿਸ ਟੁਕੜੀ 'ਤੇ ਅੱਤਵਾਦੀ ਹਮਲਾ! ਖ਼ਬਰ ਵਿੱਚ ਮੇਰੇ ਨਾਂ ਨਾਲ ਵੀ ਅੱਤਵਾਦੀ ਲਿਖਿਆ ਹੋਇਆ ਸੀ। ਮੈਂ ਅਖ਼ਬਾਰ ਦੀ ਤਹਿ ਮਾਰ ਪਾਟੇ ਹੋਏ ਕੁੜਤੇ ਦੇ ਗੀਜ੍ਹੇ ਵਿੱਚ ਪਾ ਲਿਆ।

ਕੁੱਝ ਪਲ ਪਹਿਲਾਂ ਜਿਸ ਅੱਡੇ ਵਿੱਚ ਬੇਖ਼ੌਫ਼ ਬੈਠਾ ਸੀ। ਮੈਨੂੰ ਉਸ ਤੋਂ ਭੈਅ ਆਉਣ ਲੱਗਾ। ਹਰ ਸਵਾਰੀ ਦੀਆਂ ਅੱਖਾਂ ਸ਼ੱਕੀ ਨਜ਼ਰਾਂ ਨਾਲ ਵੇਖ ਰਹੀਆਂ ਸਨ। ਇੱਕ ਢਾਬੇ 'ਤੇ ਬੈਠੇ ਦੋ ਪੁਲਿਸ ਮੁਲਾਜ਼ਮਾਂ ਵੱਲ ਪਿੱਠ ਕਰ ਮੈਂ ਉੱਚੀ ਪਹਾੜੀ ਵੱਲ ਨੂੰ ਤੁਰ ਪਿਆ। ਉਸ ਉੱਪਰ ਗੁਰਦੁਆਰਾ ਸੀ। ਮੈਂ ਉਸ ਵਿੱਚ ਸੇਵਾ ਕਰਵਾਉਣ ਲੱਗਾ। ਰਾਤ ਨੂੰ ਪ੍ਰਸ਼ਾਦਾ-ਪਾਣੀ ਛੱਕ ਉੱਥੇ ਹੀ ਪੈ ਗਿਆ।

"ਤੇਰੇ ਚਿਹਰੇ 'ਤੇ ਨੀਲ ਕਿਵੇਂ ਪੈ ਗਏ! ... ਇਹ ਜ਼ਖ਼ਮ ਕੈਸੇ ਨੇ ਸ਼ੇਰਾ...!" ਨਜ਼ਦੀਕ ਹੀ ਕੰਬਲ 'ਤੇ ਪਿਆ ਇੱਕ ਬਜ਼ੁਰਗ ਮੈਨੂੰ ਪੁੱਛਣ ਲੱਗਾ।

ਮੈਂ ਉਸ ਵੱਲ ਪਿੱਠ ਕਰ ਪਾਸਾ ਪਰਤ ਲਿਆ, "ਕੁਝ ਨੀ ਬਾਬਾ ਜੀ ! ਇਹ ਤਾਂ ਐਕਸੀਡੈਂਟ ਹੋ ਗਿਆ ਸੀ!"

"ਝੂਠ ਨਾ ਬੋਲ ਸ਼ੇਰ ਬੱਗਿਆ ! ...ਤੇਰੀ ਜ਼ੁਬਾਨ ਕੁਝ ਹੋਰ ਆਖ ਰਹੀ ਐ ! ਤੂੰ ਬੋਲ ਕੁਝ ਹੋਰ ਰਿਹਾ ਏਂ..!" ਬਜ਼ੁਰਗ ਦੀ ਰਮਜ਼ ਪਛਾਣ ਮੈਂ ਉਸ ਵੱਲ ਮੂੰਹ ਭੁਆ ਲਿਆ।

ਉਸਦੀ ਚਿੱਟੀ ਦਾੜ੍ਹੀ ਸਮਝਾਉਣ ਲੱਗੀ, "ਇੱਥੇ ਪੁਲਿਸ ਬਹੁਤ ਆਉਂਦੀ ਏ ! ...ਜਾਗ ਹੋਣ ਤੋਂ ਪਹਿਲਾਂ ਨਿਕਲ ਜਾਵੀਂ ਜਿਉਣ ਜੋਗਿਆ!"

"ਜਾ ਤੂੰ ਮੇਰੈ ਵਲਿ ਹੈ!" ਮਹਾਰਾਜ ਦੀ ਹਜ਼ੂਰੀ ਵਿੱਚ ਸੀਸ ਨਿਵਾ ਮੈਂ ਛਿਪਦੀ ਵੱਲ ਨੂੰ ਤੁਰ ਪਿਆ।

ਨਦੀ ਦਾ ਪਾਣੀ ਮੈਨੂੰ ਆਵਾਜ਼ਾਂ ਮਾਰਨ ਲੱਗਾ। ਲਾਸ਼ਾਂ ਬੋਲਣ ਲੱਗੀਆਂ। ਮੇਰੀ ਸੁਰਤਿ ਵਿੱਚ ਬੈਠਾ ਅਲੂਆਂ ਜਿਹਾ ਮੁੰਡਾ ਰੋਣ ਲੱਗਾ। ਮੈਂ ਆਲਾ-ਦੁਆਲਾ ਤਾੜਦਾ ਮੌਤ ਦੀ ਧਰਤੀ ਉੱਪਰ ਜਾ ਪੁੱਜਾ। ਨਦੀ ਦਾ ਪਾਣੀ ਸ਼ਾਂਤ ਵਗ ਰਿਹਾ ਸੀ। ਲਾਸ਼ਾਂ ਚੁੱਕ ਦਿੱਤੀਆਂ ਗਈਆਂ ਸਨ। ਰੇਤ ਉੱਪਰ ਖੂਨ ਦੇ ਨਿਸ਼ਾਨ ਸਨ। ਛੋਟੇ-ਛੋਟੇ ਪੱਥਰਾਂ ਉੱਪਰ ਡੁੱਲਿਆ ਖੂਨ ਜੰਮ ਗਿਆ ਸੀ। ਜਿਸ ਥਾਂ ਉਹ ਮੁੰਡਾ ਡਿੱਗਿਆ ਸੀ। ਮੈਂ ਉਸ ਥਾਂ ਬੈਠ ਚੌਪਈ ਸਾਹਿਬ ਦਾ ਪਾਠ ਕਰਨ ਲੱਗ ਪਿਆ। ਅਰਦਾਸ ਕਰ ਜਦੋਂ ਖੜ੍ਹਾ ਹੋਇਆ। ਮੇਰੀ ਨਜ਼ਰ ਇੱਕ ਲਾਲ ਪੱਥਰ ਉੱਪਰ ਜੰਮ ਗਈ। ਉਸ ਉੱਪਰ ਬਹੁਤ ਖੂਨ ਜੰਮਿਆ ਹੋਇਆ ਸੀ।

ਮੈਂ ਉਸ ਉੱਪਰ ਉਂਗਲ ਘੁਸਾ ਮੱਥੇ ਵਿਚਕਾਰ ਲਾ ਲਈ, "ਏਹੁ ਨਿਦੋਸਾ ਮਾਰੀਐ ..!"

ਉਹ ਚਾਰ ਨਿਰਦੋਸ਼ ਕੌਣ ਸਨ। ਉਨ੍ਹਾਂ ਦੀ ਪਛਾਣ ਕਰਨ ਲਈ ਮੈਂ ਅਣਪਛਾਤੇ ਰਾਹ ਉੱਪਰ ਤੁਰ ਪਿਆ।

**3. ਹਾਫ ਵਿੱਡੋ ਤੋਂ ਹਾਫ ਮਦਰ ਤੱਕ**

ਮੈਂ ਜਿਸ ਥਾਂ ਖੜ੍ਹਾ ਸੀ। ਮੇਰੇ ਸਾਹਮਣੇ ਦੋ ਰਾਹ ਸਨ। ਇੱਕ ਰਾਹ ਲਾਪਤਾ ਸਿੰਘਾਂ ਦੀ ਤਲਾਸ਼ ਵੱਲ ਜਾਂਦਾ ਸੀ। ਦੂਜਾ ਰਾਹ ਮੇਰੇ ਵੱਲ ਨੂੰ ਆਉਂਦਾ ਸੀ।

"ਪਹਿਲਾਂ ਸਾਬਿਤ ਕਰ ਤੂੰ ਜਿਉਂਦਾ ਐਂ...!" ਪਿੰਡ ਦੀ ਆਵਾਜ਼ ਸੁਣ ਮੈਂ ਪਿੱਛੇ ਮੁੜ ਕੇ ਝਾਕਿਆ। ਸੁੰਨੀਆਂ ਬੀਹੀਆਂ ਨਵੀਂ ਰੁੱਤ ਦੀ ਚੁਗਲੀ ਕਰ ਰਹੀਆਂ ਸਨ। ਤੀਹ ਸਾਲ ਪਹਿਲਾਂ ਸੜਕ ਕਿਨਾਰੇ ਜਿਸ ਥਾਂ ਪੁਲਿਸ ਦੀ ਜੀਪ ਆ ਕੇ ਖੜ੍ਹੀ ਸੀ। ਉਸ ਥਾਂ ਨਾਈ ਦੀ ਕਟਿੰਗ ਵਾਲੀ ਦੁਕਾਨ ਖੁੱਲ੍ਹ ਚੁੱਕੀ ਸੀ। ਪਿੰਡ ਦੇ ਮੁੰਡੇ ਦਸਤਾਰਾਂ ਉਤਾਰ ਸਿਰ ਤੋਂ ਰੋਡੇ ਹੋ ਗਏ ਸਨ। ਬਹੁਤ ਸਾਰੇ ਚਿੱਟੇ ਰੰਗ ਦੇ ਨਸ਼ੇ ਵਿੱਚ ਰੰਗੇ ਗਏ ਸਨ।

"ਨਾਮ ਖੁਮਾਰੀ ਨਾਨਕਾ, ਚੜ੍ਹੀ ਰਹੇ ਦਿਨ ਰਾਤ...!" ਮੈਂ ਰਾਤ ਦੀ ਅੱਖ ਵਿੱਚ ਅੱਖ ਪਾ ਪੰਚਾਇਤੀ ਟਿਊਬ ਵੱਲ ਵੇਖਣ ਲੱਗਾ। ਉਸਦਾ ਚਾਨਣ ਚੌਂਕੜੀ ਉੱਪਰ ਪੈ ਰਿਹਾ ਸੀ। ਮੈਂ ਮੋਢੇ ਤੋਂ ਝੋਲਾ ਲਾਹ ਉਸ ਉੱਪਰ ਬੈਠ ਗਿਆ। ਜਿਹੜੇ ਲਾਪਤਾ ਹੋ ਗਏ। ਮੇਰੇ ਕੋਲ ਉਨ੍ਹਾਂ ਦੀਆਂ ਖ਼ਬਰਾਂ ਸਨ।

ਜਦੋਂ ਬਾਪੂ ਦਾ ਕੋਈ ਖੁਰਾ-ਖੋਜ ਨਾ ਲੱਭਿਆ। ਉਹ ਅਖ਼ਬਾਰ ਵਿੱਚ 'ਗੁਆਚੇ ਦੀ ਭਾਲ' ਦਾ ਇਸ਼ਤਿਹਾਰ ਬਣ ਕੇ ਛਪਿਆ ਸੀ।

ਮਾਂ ਨੂੰ ਲੋਕਾਂ ਨੇ ਬਹੁਤ ਸਮਝਾਇਆ, "ਕਮਲੀ ਨਾ ਬਣ ਛਿੰਦੀ ! ...ਨਾਇਬ ਗੁਆਚਿਆ ਨਹੀਂ। ਉਸਨੂੰ ਪੁਲਿਸ ਨੇ ਚੁੱਕਿਐ...!"

"ਤੂੰ 'ਗੁਆਚੇ ਦੀ ਭਾਲ' ਦਾ ਇਸ਼ਤਿਹਾਰ ਨਾ ਛਪਵਾ...!" ਪਰ ਉਸਨੇ ਕਿਸੇ ਦੀ ਇੱਕ ਨਾ ਮੰਨੀ।

ਅਖ਼ਬਾਰ ਵਿੱਚ ਇਸ਼ਤਿਹਾਰ ਛਪਵਾ ਉਹ ਓਪਰਿਆਂ ਵਾਂਗ ਝਾਕੀ ਸੀ, "ਡੁੱਬਦੀ ਨੂੰ ਕਿਸੇ ਤਿਣਕੇ ਦਾ ਸਹਾਰਾ ਤਾਂ ਚਾਹੀਦਾ ਈ ਐ..!"

ਜਿਸ ਵਕਤ ਉਸਦਾ ਦਿਲ ਡੁੱਬਣ ਲੱਗਦਾ। ਉਹ ਅਖ਼ਬਾਰ ਕੱਢ ਪੜ੍ਹਨ ਲੱਗ ਪੈਂਦੀ। ਜਦੋਂ ਰੋਟੀ ਖਾਣ ਲੱਗਦੀ। ਉਸਦੇ ਹੱਥ ਵਿੱਚੋਂ ਬੁਰਕੀ ਡਿੱਗ ਪੈਂਦੀ। ਉਹ ਰੋਣ ਲੱਗ ਪੈਂਦੀ, "ਜੇ ਰੋਟੀ ਨਾ ਲਿਜਾਂਦਾ ! ...ਉਹ ਮਾਰਦੇ ਸੀ...!"

"ਜੇ ਰੋਟੀ ਲੈ ਗਿਆ ! ਇਹਨਾਂ ਨੇ ਚੁੱਕ ਲਿਆ !... ਉਹਦੀ ਤਾਂ ਰੋਟੀ ਈ ਦੁਸ਼ਮਣ ਬਣ ਗਈ...!" ਬਾਹਰਲੇ ਗੇਟ ਵੱਲ ਵੇਖਦੀ ਉਹ ਮੇਰੀ ਭੈਣ ਹਰਪ੍ਰੀਤ ਨੂੰ ਰੋਟੀ ਖਵਾਉਣ ਲੱਗ ਪੈਂਦੀ।

ਰੋਟੀ ਦੀ ਬੁਰਕੀ ਮੂੰਹ ਵਿੱਚ ਪਾਉਂਦੀ ਹੋਈ ਉਹ ਹਰ ਰੋਜ਼ ਪੁੱਛਦੀ, "ਬਾਪੂ ਨੇ ਖਾ ਲੀ ਹੋਊ..!"

"ਪਤਾ ਨੀ...!" ਮਾਂ ਦਾ ਜਵਾਬ ਸੁਣ ਉਸ ਦੀਆਂ ਅੱਖਾਂ ਵਿੱਚ ਸੂਰਜ ਡੁੱਬਣ ਲੱਗ ਪੈਂਦਾ।

ਰਾਤ ਉਤਰਨ ਤੋਂ ਪਹਿਲਾਂ ਉਹ ਸਾਇਕਲ ਚੁੱਕ ਬਾਪੂ ਨੂੰ ਲੱਭਣ ਤੁਰ ਪੈਂਦੀ। ਕਦੀ ਮੈਂ ਕਦੀ ਮਾਂ ਮੋੜ ਕੇ ਲਿਆਉਂਦੀ, "ਮੁੜਿਆ ਪ੍ਰੀਤੀ ! ਹੁਣ ਆਉਣਾ !"

"ਨਹੀਂ ਮਾਂ ! ਉਹ ਆਊਗਾ...!" ਪਰ ਵੱਡੀ ਹੋਣ ਤੱਕ ਵੀ ਉਹ ਗੁਆਚੀ ਪੈੜ ਲੱਭਦੀ ਰਹੀ।

ਮੇਰੇ ਵਾਂਗ ਉਸ ਉੱਪਰ ਵੀ ਪੁਲਿਸ ਦੀ ਨਜ਼ਰ ਸੀ। ਇੱਕ ਦਿਨ ਉਹ ਸਾਇਕਲ 'ਤੇ ਮੰਡੀ ਨੂੰ ਜਾ ਰਹੀ ਸੀ। ਉਸਦੇ ਹੈਂਡਲ ਨਾਲ ਟੰਗੇ ਝੋਲੇ ਵਿੱਚ ਸ਼ਹੀਦ ਹੋਏ ਸਿੰਘਾਂ ਦੇ ਭੋਗ ਦੀਆਂ ਖ਼ਬਰਾਂ ਸਨ। ਬਾਪੂ ਦੇ ਇਸ਼ਤਿਹਾਰ ਵਾਲੇ ਅਖ਼ਬਾਰ ਸਨ।

"ਕੀ ਗੱਲ ਕੁੜੀਏ ! ਆਹ ਇਤਰਾਜ਼ਯੋਗ ਸਮੱਗਰੀ ਚੁੱਕੀਂ ਕਿੱਧਰ ਨੂੰ ਜਾ ਰਹੀ ਐਂ..!" ਪੁਲਿਸ ਨੇ ਉਸਨੂੰ ਨਾਕੇ 'ਤੇ ਰੋਕ ਲਿਆ।

ਉਹ ਮਿੰਨਤਾਂ ਕਰਨ ਲੱਗੀ, "ਮੈਂ ਤਾਂ ਬਾਪੂ ਨੂੰ ਲੱਭਣ ਜਾ ਰਹੀ ਆਂ ! ਮੈਨੂੰ ਜਾਣ ਦਿਓ !"

"ਚੱਲ ! ਤੈਨੂੰ ਬਾਪੂ ਨੂੰ ਮਿਲਾਉਨੇ ਆਂ...!" ਪਰ ਉਸਦੀ ਤਲਾਸ਼ ਨਜ਼ਦੀਕ ਹੀ ਸਰਕਾਰੀ ਸਕੂਲ ਵਿੱਚ ਬਣਾਏ ਤਸ਼ੱਦਦ-ਘਰ ਦੀਆਂ ਕੰਧਾਂ ਨਾਲ ਟਕਰਾ ਕੇ ਮਰ ਗਈ। ਪੁਲਿਸ ਨੇ ਉਸਦਾ ਸਸਕਾਰ ਕਰ ਰਾਖ ਦੀ ਢੇਰੀ ਇਕੱਠੀ ਕਰ ਦਿੱਤੀ ਸੀ। ਉਸਦੀ ਸ਼ਨਾਖ਼ਤ ਉਸ ਕੜੇ ਤੇ ਬਰੈਸਲੈਟ ਤੋਂ ਹੋਈ, ਜਿਹੜਾ ਮੈਂ ਉਸਨੂੰ ਇੱਕ ਵਾਰ ਜਨਮ ਦਿਨ 'ਤੇ ਦਿੱਤਾ ਸੀ।

ਉਸਦੀ ਮੌਤ ਦੀ ਖ਼ਬਰ ਵਾਲਾ ਅਖ਼ਬਾਰ ਇੱਕ ਪਾਸੇ ਰੱਖ ਮੈਂ ਮਾਂ ਦੀ ਮੌਤ ਦੀ ਖ਼ਬਰ ਪੜ੍ਹਨ ਲੱਗ ਪਿਆ। ਉਸ ਵਿੱਚ ਲਿਖਿਆ ਸੀ:- ਇਨਾਮੀ ਅੱਤਵਾਦੀ ਗੁਰਬਾਜ ਸਿੰਘ ਦੀ ਦਰ-ਦਰ ਠੋਕਰਾਂ ਖਾਂਦੀ ਮਾਂ ਦੀ ਮੌਤ !

ਜਿਸ ਰਾਤ ਨਦੀ ਕਿਨਾਰੇ ਵਾਰਦਾਤ ਹੋਈ ਸੀ। ਉਸ ਤੋਂ ਬਾਅਦ ਮੈਨੂੰ ਭਗੌੜਾ ਕਰਾਰ ਦੇ ਦਿੱਤਾ। ਮੇਰੇ ਸਿਰ ਉੱਪਰ ਪੰਜ ਲੱਖ ਦਾ ਇਨਾਮ ਰੱਖ ਦਿੱਤਾ ਗਿਆ। ਜਾਨ ਖਲਾਸੀ ਲਈ ਮੈਂ ਖਾੜਕੂ ਸਫਾਂ ਵਿੱਚ ਜ਼ਰੂਰ ਸ਼ਾਮਿਲ ਹੋਇਆ ਸੀ। ਪਰ ਕੋਈ ਐਸੀ ਵਾਰਦਾਤ ਨਹੀਂ ਸੀ ਕੀਤੀ।

ਜਿਸ ਦੀ ਮੈਂ ਸਜ਼ਾ ਭੁਗਤ ਰਿਹਾ ਸੀ। ਸਭ ਤੋਂ ਵੱਧ ਸਜ਼ਾ ਮਾਂ ਨੇ ਭੁਗਤੀ ਸੀ। ਬਾਪੂ ਤੋਂ ਬਾਅਦ ਮੈਨੂੰ ਲੱਭਦੀ ਉਹ ਖ਼ੁਦ ਗੁਆਚ ਗਈ ਸੀ।

ਮੇਰੀ ਫੋਟੋ ਚੁੱਕੀਂ ਉਹ ਥਾਣੇ ਜਾਂਦੀ, "ਪੁੱਤ!.. ਮੇਰੇ ਕੰਨਾਂ ਦੀਆਂ ਵਾਲੀਆਂ ਲੈ ਲੋ! ਪਰ ਮੇਰਾ ਪੁੱਤ ਦੱਸਦੋ ਕਿੱਥੇ ਐ.!"

ਉਹਨੂੰ ਤਾਂ ਕਿਸੇ ਹੋਰ ਥਾਣੇ ਆਲੇ ਪੁੱਛ-ਗਿੱਛ ਲਈ ਲੈ ਗਏ ਸੀ ਮਾਤਾ...!" ਕੋਰਾ ਜਵਾਬ ਸੁਣ ਉਹ ਬਾਹਰਲੀ ਕੰਧ ਨਾਲ ਲੱਗ ਕੇ ਖੜ੍ਹ ਜਾਂਦੀ।

ਜਦੋਂ ਕੋਈ ਥਾਣੇ ਵਿੱਚੋਂ ਨਿਕਲਦਾ। ਉਹ ਭੱਜ ਕੇ ਉਸਦਾ ਰਾਹ ਰੋਕ ਲੈਂਦੀ, "ਝੂਠ ਨਾ ਬੋਲੀਂ ਪੁੱਤ! ਬੱਸ ਐਨਾ ਦੱਸਦੇ ਇਹ ਥਾਣੇ ਆਲੇ ਝੂਠ ਤਾਂ ਨੀਂ ਬੋਲਦੇ..!"

"ਝੂਠ ਦਾ ਤਾਂ ਪਤਾ ਨੀ ਮਾਤਾ! ਪਰ ਇਹ ਸੱਚ ਨੀ ਬੋਲਦੇ..!" ਆਉਣ ਵਾਲਾ ਪਾਸਾ ਵੱਟ ਆਪਣੇ ਰਾਹ ਪੈ ਜਾਂਦਾ।

ਮੈਨੂੰ ਜਿਸ ਰਾਹ ਪਾ ਦਿੱਤਾ ਸੀ। ਉਹ ਕਿਤੇ ਨਹੀਂ ਸੀ ਜਾਂਦਾ। ਉਸ ਉੱਪਰ ਤੁਰਦਾ ਜਿੰਨਾ ਸਫ਼ਰ ਘਰ ਵੱਲ ਨੂੰ ਤਹਿ ਕਰਦਾ। ਉਸ ਤੋਂ ਚਾਰ ਗੁਣਾ ਪਿਛਾਂਹ ਪਰਤ ਆਉਂਦਾ।

ਮੇਰੇ ਅੱਗੇ-ਪਿੱਛੇ ਮੌਤ ਹੀ ਮੌਤ ਸੀ। ਹਰਪ੍ਰੀਤ ਦੀ ਮੌਤ ਤੋਂ ਬਾਅਦ ਮਾਂ ਬੁਰੀ ਤਰ੍ਹਾਂ ਹਿੱਲ ਗਈ ਸੀ। ਸੂਰਜ ਦੀ ਟਿੱਕੀ ਡੁੱਬਣ ਸਾਰ ਉਸਦੀ ਮੱਤ ਮਾਰੀ ਜਾਂਦੀ। ਉਹ ਬੀਹੀ ਵਾਲਾ ਗੇਟ ਚੁਪੱਟ ਖੋਲ੍ਹ ਲੈਂਦੀ। ਦੇਹਲੀ ਕੋਲ ਅਖ਼ਬਾਰ ਵਿਛਾਉਂਦੀ। ਉਸ ਉੱਪਰ ਚੁੱਲ੍ਹੇ ਦੀ ਰਾਖ ਦੀ ਢੇਰੀ ਲਾ ਕੇ ਬੈਠ ਜਾਂਦੀ।

"ਨੀ ਇਹ ਕੀ ਕਰਦੀ ਐਂ ਛਿੰਦੀਏ...!" ਜਦੋਂ ਬੀਹੀ ਵਿੱਚ ਲੰਘੀ ਜਾਂਦੀ ਕੋਈ ਔਰਤ ਪੁੱਛਦੀ।

ਉਹ ਹਥੇਲੀ 'ਤੇ ਰਾਖ ਰੱਖ ਫੂਕ ਮਾਰ ਦਿੰਦੀ, "ਮੇਰੀ ਫੁੱਲ ਵਰਗੀ ਧੀ ਐਂ ਉੱਡ ਗਈ..!"

"ਪਹਿਲਾਂ ਸਿਰ ਦਾ ਸਾਈਂ ਉੱਡਿਆ ! ...ਫੇਰ ਹੀਰੇ ਵਰਗਾ ਪੁੱਤ ਉੱਡ ਗਿਆ! ... ਮੈਂ ਪੁੱਛਦੀ ਆਂ ਕੈਸੀ ਹਨੇਰੀ ਐ ਇਹ...!" ਹਵਾ ਵਿੱਚ ਉੱਡਦੀ ਰਾਖ ਉਸਦੇ ਸਿਰ ਉੱਪਰ ਪੈ ਜਾਂਦੀ।

ਉਸਨੂੰ ਉਠਾ ਕੇ ਅੰਦਰ ਲਿਜਾਂਦਾ ਹੋਇਆ ਤਿਰਲੋਕ ਤਾਇਆ ਆਖਦਾ, "ਇਹ ਕਾਲੀ ਹਨੇਰੀ ਐ ਭਾਈ!"

"ਇਸ ਵਿੱਚ ਉੱਡਿਆ ਬੰਦਾ ਕਿਤੇ ਦਾ ਕਿਤੇ ਜਾ ਡਿੱਗਦੈ..!" ਵਿਹੜੇ ਵਿੱਚ ਖਿਲਰੀ ਰਾਖ ਇਕੱਠੀ ਕਰ ਉਹ ਹੱਥ ਝਾੜਨ ਲੱਗ ਪੈਂਦਾ।

ਮਾਂ ਉਸਦੇ ਹੱਥ ਫੜ ਲੈਂਦੀ, "ਮੈਂ ਤੇਰੇ ਅੱਗੇ ਹੱਥ ਜੋੜਦੀ ਆਂ। ......ਬੱਸ ਐਨਾ ਪਤਾ ਕਰਕੇ ਦੱਸਦੇ। ...ਮੈਂ ਅੱਧੀ ਮਾਂ ਹਾਂ ਜਾਂ ਅੱਧੀ ਵਿਧਵਾ।"

"ਜੇ ਇਹ ਪਤਾ ਹੁੰਦਾ ਫੇਰ ਰੋਣਾ ਈ ਕਾਹਦਾ ਸੀ...।" ਬਾਹਰਲਾ ਗੇਟ ਬੰਦ ਕਰ ਅੱਖਾਂ ਪੂੰਝਦਾ ਉਹ ਘਰ ਨੂੰ ਤੁਰ ਜਾਂਦਾ ਘਰ ਵੱਲ ਨੂੰ ਤੁਰਦਾ ਮੈਂ ਘਰ ਤੋਂ ਬਹੁਤ ਦੂਰ ਚਲਾ ਗਿਆ ਸੀ। ਦੋਸਤਾਂ, ਮਿੱਤਰਾਂ ਤੋਂ ਬਾਅਦ ਰਿਸ਼ਤੇਦਾਰੀਆਂ ਦੇ ਦਰਵਾਜ਼ੇ ਮੈਂ ਆਪ ਹੀ ਬੰਦ ਕਰ ਦਿੱਤੇ ਸਨ। ਮੈਂ ਜਿਸ ਘਰ ਵੀ ਪਨਾਹ ਲੈਂਦਾ। ਪੁਲਿਸ ਦੀ ਕਾਲੀ ਬਿੱਲੀ ਵੇਖ ਲੈਂਦੀ। ਪਰ ਘੇਰਾਬੰਦੀ ਤੋਂ ਪਹਿਲਾਂ ਹੀ ਮੈਂ ਟਿਕਾਣਾ ਬਦਲ ਲੈਂਦਾ।

ਲੁਕਣ-ਮੀਟੀ ਖੇਡਦਾ ਮੈਂ ਜੰਮੂ-ਕਸ਼ਮੀਰ ਜਾ ਪੁੱਜਾ ਸੀ। ਉੱਥੋਂ ਦੀਆਂ ਹੁਸੀਨ ਵਾਦੀਆਂ ਵਿੱਚ ਵੀ ਬਾਰੂਦ ਦੀ ਗੰਧ ਸੀ। ਜਦੋਂ ਰਾਤ-ਬਰਾਤੇ ਗੋਲੀ ਚੱਲਦੀ। ਮੇਰੀ ਸੁਰਤਿ ਵਿੱਚ ਬੈਠੀ ਮਾਂ ਡਰ ਜਾਂਦੀ। ਮੈਂ ਸੁੱਤਾ ਪਿਆ ਉੱਠ ਕੇ ਕਬਰਾਂ ਵੱਲ ਨੂੰ ਤੁਰ ਪੈਂਦਾ। ਉੱਥੇ ਹਜ਼ਾਰਾਂ ਬੇਨਾਮ ਕਬਰਾਂ ਸਨ। ਉਨ੍ਹਾਂ ਕਬਰਾਂ 'ਤੇ ਹਰ ਸਾਲ ਮੌਤ ਦਾ ਮੇਲਾ ਲੱਗਦਾ। ਔਰਤਾਂ ਪਤੀਆਂ ਦੀਆਂ ਫੋਟੋਆਂ ਲੈ ਕੇ ਆਉਂਦੀਆਂ। ਮਾਵਾਂ ਪੁੱਤਾਂ ਦੀਆਂ ਫੋਟੋਆਂ ਲੈ ਕੇ ਆਉਂਦੀਆਂ।

ਉਨ੍ਹਾਂ ਦੇ ਇੱਕ ਹੱਥ ਵਿੱਚ ਫੋਟੋ ਦੂਜੇ ਹੱਥ ਵਿੱਚ ਗੱਤੇ ਦੀ ਤਖ਼ਤੀ ਫੜੀ ਹੁੰਦੀ। ਜਿਸ ਵਕਤ ਮੈਂ ਤਖ਼ਤੀਆਂ ਉੱਪਰ ਲਿਖੀ ਇਬਾਰਤ ਪੜ੍ਹੀ। ਮੇਰੀ ਰੂਹ ਕੰਬ ਉੱਠੀ। ਕਿਸੇ ਤਖ਼ਤੀ ਉੱਪਰ 'ਹਾਫ ਵਿੱਡੋ' ਕਿਸੇ ਉੱਪਰ 'ਹਾਫ ਮਦਰ' ਲਿਖਿਆ ਹੋਇਆ ਸੀ।

ਕਬਰਾਂ ਕੋਲ ਖੜ੍ਹੀਆਂ ਔਰਤਾਂ ਸਵਾਲ ਪੁੱਛ ਰਹੀਆਂ ਸਨ, "ਸਾਨੂੰ ਕੋਈ ਦੱਸੋ ! ... ਅਸੀਂ ਸੁਹਾਗਣਾਂ ਵਾਲੇ ਕੱਪੜੇ ਪਾਈਏ ਜਾਂ ਵਿਧਵਾਵਾਂ ਵਾਲੇ!"

"ਅਸੀਂ ਪੁੱਤਾਂ ਦੀ ਝੱਕਰੀ ਰੱਖੀਏ ਜਾਂ ਉਨ੍ਹਾਂ ਦਾ ਘੜਾ ਭੰਨੀਏ...!" ਮਾਂ ਦੇ ਵੈਣ ਸੁਣ ਮੈਂ ਇੱਕ ਬਾਪੂ ਵਰਗੇ ਬੰਦੇ ਕੋਲ ਜਾ ਖੜ੍ਹਿਆ ਸੀ।

ਉਹ ਮੈਨੂੰ ਪੁੱਛਣ ਲੱਗਾ, "ਅਰੇ ਭਾਈ ਸਾਹਿਬ ! ਆਪ ਇਸ ਮ੍ਰਿਤ-ਲੋਕ ਮੇਂ ਕਿਉਂ ਆ ਗਏ..!"

"ਕਿਉਂਕਿ ਮੈਂ ਵੀ ਮਰਿਆ ਹੋਇਆ ਹਾਂ।" ਕਬਰਾਂ ਵੱਲ ਵੇਖ ਮੈਨੂੰ ਆਪਣੀ ਮੌਤ ਦੀ ਖ਼ਬਰ ਯਾਦ ਆ ਗਈ ਜਿਸ ਵਕਤ ਮਾਂ ਨੇ ਉਹ ਖ਼ਬਰ ਪੜ੍ਹੀ। ਉਸਦੇ ਹੱਥਾਂ ਵਿੱਚੋਂ ਅਖ਼ਬਾਰ ਡਿੱਗ ਪਿਆ। ਉਹ ਹਉਂਕਾ ਲੈ ਦੇਹਲੀ ਉੱਪਰ ਡਿੱਗ ਪਈ ਸੀ। ਉਸਦੀ ਦੇਹ ਅੱਧੀ ਅੰਦਰ ਅੱਧੀ

ਦੇਹਲੀ ਤੋਂ ਬਾਹਰ ਸੀ। ਉਸ ਦੀਆਂ ਅੱਖਾਂ ਮੇਰੀ ਉਡੀਕ ਵਿੱਚ ਤਾੜੇ ਜਾ ਲੱਗੀਆਂ ਸਨ।

"ਖ਼ਬਰ ਪੜ੍ਹਨ ਸਾਰ ਉਹ ਪੂਰੀ ਹੋ ਗਈ।" ਤਿਰਲੋਕ ਤਾਏ ਦੀ ਗੱਲ ਸੁਣ ਮੈਂ ਪੰਜਾਬ ਛੱਡ ਕੇ ਭੱਜ ਗਿਆ ਸੀ। ਜਿਸ ਅਖ਼ਬਾਰ ਵਿੱਚ ਖ਼ਬਰ ਛਪੀ ਸੀ। ਉਸ ਨੂੰ ਬਾਕੀ ਅਖ਼ਬਾਰਾਂ ਉੱਪਰ ਰੱਖੀਂ ਮੈਂ ਪੰਚਾਇਤੀ ਟਿਊਬ ਦੇ ਚਾਨਣ ਵਿੱਚ ਚੌਂਕੜੀ 'ਤੇ ਬੈਠਾ ਸੀ। ਮੇਰੀ ਟੁੱਟੀ ਲੱਭ ਕੋਲ ਪਿਆ ਝੋਲਾ ਖਾਲੀ ਨਹੀਂ। ਉਸ ਵਿੱਚ ਇੱਕ ਦਸਤਾਰ ਰੱਤ ਲਿੱਬੜੀ ਸੀ।

**4. ਇੱਕ ਦਸਤਾਰ ਰੱਤ ਲਿੱਬੜੀ**

ਮੈਂ ਸੱਜੇ ਹੱਥ ਵੱਲ ਵੇਖਿਆ। ਉਸਦੀ ਪਹਿਲੀ ਉਂਗਲ ਉੱਪਰ ਖੂਨ ਦੀ ਛੋਹ ਮਹਿਸੂਸ ਹੋਈ।

"ਇਹ ਖੂਨ ਕਿਸ ਦਾ ਐ...!" ਮੈਂ ਥੋੜ੍ਹਾ ਜਿਹਾ ਹੇਠਾਂ ਝੁਕ ਖਿੰਡ ਰਹੀ ਨਜ਼ਰ ਟਿਕਾਈ। ਕੁਝ ਵੀ ਨਹੀਂ। ਉਂਗਲ ਸਾਫ਼ ਸੀ। ਮੋਏ ਰਿਸ਼ਤਿਆਂ ਦੀ ਤਲਾਸ਼ ਵਿੱਚ ਭਟਕਦਿਆਂ ਅੱਖਾਂ ਦੀ ਜੋਤ ਘੱਟ ਗਈ ਸੀ। ਪਰ ਕੋਈ ਗੁਆਚਾ ਨਹੀਂ ਸੀ ਲੱਭਿਆ। ਜਿਹਨਾਂ ਦਾ ਕੋਈ ਮੈਂਬਰ ਲਾਪਤਾ ਹੋ ਗਿਆ ਸੀ। ਜਿਹਨਾਂ ਦਾ ਕੋਈ ਝੂਠੇ ਪੁਲਿਸ ਮੁਕਾਬਲੇ ਵਿੱਚ ਮਾਰਿਆ ਗਿਆ ਸੀ।

ਇੱਕ ਵਾਰ ਦਲ ਖ਼ਾਲਸਾ ਨੇ ਉਨ੍ਹਾਂ ਪਰਿਵਾਰਾਂ ਨੂੰ ਅੰਮ੍ਰਿਤਸਰ ਸੱਦਾ ਦਿੱਤਾ। ਮੈਂ ਵੀ ਉੱਥੇ ਗਿਆ। ਪੰਡਾਲ ਵਿੱਚ ਕੁਰਸੀਆਂ ਭਰ ਗਈਆਂ। ਲੋਕ ਮੋਇਆਂ ਗੁਆਚਿਆਂ ਦੀਆਂ ਫੋਟੋਆਂ ਚੁੱਕੀਂ ਬੈਠੇ ਸਨ।

ਮੈਂ ਹਰਪ੍ਰੀਤ ਤੇ ਬਾਪੂ ਦੀਆਂ ਫੋਟੋਆਂ ਨਾਲ ਆਪਣੀ ਫੋਟੋ ਚੁੱਕੀ ਖੜ੍ਹਾ ਸੀ। ਮੇਰੇ ਵੱਲ ਕਿਸੇ ਦਾ ਧਿਆਨ ਨਹੀਂ ਸੀ। ਪਰ ਮੈਂ ਸਭ ਵੱਲ ਘਾਤ ਲਾ ਕੇ ਵੇਖ ਰਿਹਾ ਸੀ। ਹਰ ਦ੍ਰਿਸ਼ ਮੇਰੀ ਅੱਖ ਵਿੱਚ ਛਪ ਰਿਹਾ ਸੀ। ਹਰ ਆਵਾਜ਼ ਪਿਘਲੇ ਸ਼ੀਸ਼ੇ ਵਾਂਗ ਕੰਨਾਂ ਵਿੱਚ ਪੈ ਰਹੀ ਸੀ।

ਅੱਖਾਂ ਪੂੰਝਦੀ ਇੱਕ ਮਾਂ ਆਖ ਰਹੀ ਸੀ, "ਜੇ ਦੱਸ ਦੋਂ ਉਹ ਹੈ ਨੀ ! ਮੇਰਾ ਦਿਲ ਖੜ੍ਹ-ਜੂ ! ਮੈਂ ਚੈਨ ਨਾਲ ਮਰ ਜੂੰ ਫੇਰ!"

"ਅਸੀਂ ਉਹਦਾ ਸਸਕਾਰ ਨੀ ਕੀਤਾ। ਫੁੱਲ ਨੀ ਚੁਗੇ। ......ਉਸਦਾ ਭੋਗ ਨੀ ਪਾਇਆ...!" ਇੱਕ ਬਾਪੂ ਮੱਥੇ 'ਤੇ ਹੱਥ ਮਾਰ ਰਿਹਾ ਸੀ।

ਉਹ ਮੇਰੇ ਵਾਂਗ ਥੱਕੇ ਬੈਠੇ ਸਨ। ਮੈਂ ਉਨ੍ਹਾਂ ਵਾਂਗ ਹਾਰਿਆ ਖੜ੍ਹਾ ਸੀ। ਉਹਨਾਂ ਨੇ ਮੇਰੇ ਵਾਂਗ ਬਹੁਤ ਸਫ਼ਰ ਕੀਤਾ ਸੀ। ਰੋਜ਼ ਦਾ ਸਫ਼ਰ ਸੀ। ਪਰ ਜਾਣਾ ਕਿਤੇ ਨਹੀਂ ਸੀ। ਜਿਹਨਾਂ ਦੀ ਮੰਜ਼ਿਲ ਵੱਲ ਜਾਣ ਵਾਲੀ ਗੱਡੀ ਕਦੀ ਨਹੀਂ ਸੀ ਆਉਣੀ। ਉਹ ਮੌਤ ਦਾ ਸਮਾਨ ਚੁੱਕੀ ਖੜ੍ਹੇ ਸਨ।

ਉਹਨਾਂ ਦੇ ਹੱਥਾਂ ਵਿੱਚ ਮੋਮੀ ਕਾਗਜ਼ ਦੇ ਰੰਗ-ਬਿਰੰਗੇ ਲਿਫਾਫੇ ਸਨ। ਉਨ੍ਹਾਂ ਵਿੱਚ ਗੁਆਚੀਆਂ ਰੂਹਾਂ ਦੀਆਂ ਫੋਟੋਆਂ ਸਨ। ਮੋਇਆਂ ਦੇ ਕਾਗਜ਼-ਪੱਤਰ ਸਨ। ਅਖ਼ਬਾਰਾਂ ਵਿੱਚ ਛਪੀਆਂ ਖ਼ਬਰਾਂ ਸਨ।

"ਇਹ ਘਸ ਗਏ ਹਨ। ਇਹਨਾਂ ਦੇ ਰੰਗ ਫਿੱਕੇ ਪੈ ਗਏ ਨੇ। ...ਪਰ ਅਸੀਂ ਇਹ ਬਦਲੇ ਨਹੀਂ!" ਲਿਫਾਫੇ ਉਨ੍ਹਾਂ ਦੇ ਸਫ਼ਰ ਦੇ ਸਾਥੀ ਸਨ। ਮੇਰਾ ਸਾਥੀ ਝੋਲਾ ਸੀ। ਉਸ ਵਿੱਚ ਅਖ਼ਬਾਰ ਪਾਉਣ ਲੱਗਿਆਂ ਮੇਰਾ ਹੱਥ ਦਸਤਾਰ ਨਾਲ ਛੋਹ ਗਿਆ। ਉਸ ਉੱਪਰ ਲੱਗੀ ਰੱਤ ਮੇਰੀ ਉਂਗਲ ਵਿੱਚ ਖੰਜਰ ਵਾਂਗ ਚੁਭ ਰਹੀ ਸੀ।

"ਇਹ ਦਸਤਾਰ ਸਿਰ ਮੰਗਦੀ ਐ ਬਾਜ!" ਪੂਰਬ ਦੀ ਗੁੱਠ ਵੱਲ ਵੇਖ ਮੈਂ ਸਿਰ ਉੱਪਰ ਹੱਥ ਫੇਰਿਆ। ਸੂਰਜ ਦੀ ਟਿੱਕੀ ਚੜ੍ਹਨ ਸਾਰ ਮੇਰੇ ਅੰਦਰ ਰੋਹ ਚੜ੍ਹਦਾ ਸੀ। ਮੈਂ ਪਹਿਲੀ ਬਸ ਚੜ੍ਹ ਸ਼ਹਿਰ ਨੂੰ ਜਾਣਾ ਸੀ।

ਉਸ ਸ਼ਹਿਰ ਵਿੱਚ ਅਦਾਲਤ ਸੀ। ਮੈਂ ਜੱਜ ਅੱਗੇ ਪੇਸ਼ ਹੋਣਾ ਸੀ। ਜਿਸ ਦਿਨ ਡੀ.ਸੀ. ਦਫ਼ਤਰ ਵਿੱਚ ਪੇਸ਼ ਹੋਇਆ ਸੀ। ਨਵੀਂ ਉਮਰ ਦੀ ਪਰਵਾਸੀ ਅਫ਼ਸਰ ਕੁੜੀ ਕੁਰਸੀ 'ਤੇ ਬੈਠੀ ਸੀ। ਮੇਰੀ ਗੱਲ ਸੁਣ ਉਹ ਉੱਚੀ ਸਾਰੀ ਹੱਸੀ, "ਕਿਆ ਬੋਲਾ! ਫਿਰ ਸੇ ਬੋਲਨਾ!"

"ਮੈਂ ਜਿਉਂਦਾ ਹਾਂ..!" ਇਨਸਾਫ਼ ਦੀ ਉਡੀਕ ਵਿੱਚ ਮੇਰੀ ਆਵਾਜ਼ ਸਾਰੀ ਇਮਾਰਤ ਵਿੱਚ ਗੂੰਜ ਗਈ।

ਡੀ.ਸੀ. ਕੁੜੀ ਦੇ ਮੱਥੇ ਵਿਚਕਾਰ ਤਿਊੜੀ ਉੱਭਰ ਆਈ, "ਹਮ ਬਹਿਰੇ ...ਆਵਾਜ਼ ਨੀਚੀ ਰੱਖੋ..!"

"ਅੱਖ ਨੀਵੀਂ ਕਰਕੇ ਗੱਲ ਕਰ ਬਜ਼ੁਰਗਾ !" ਹਲਕੇ ਦਾ ਐਮ.ਐਲ.ਏ. ਅੱਧੀ ਗੱਲ ਸੁਣ ਕੇ ਹੀ ਉੱਠ ਖੜ੍ਹਿਆ ਸੀ।

ਵੱਡੀ ਸਾਰੀ ਗੱਡੀ ਵਿੱਚ ਬੈਠਣ ਲੱਗਿਆ ਉਹ ਆਪਣੇ ਪੀ.ਏ. ਨੂੰ ਆਖਣ ਲੱਗਾ, "ਇਹਦੀ ਅਰਜ਼ੀ ਫੜ ਕੇ ਰੱਖ ਲੈ..!"

ਅਰਜ਼ੀ-ਦਰ-ਅਰਜ਼ੀ ਦਿੰਦਾ ਮੈਂ ਫਾਈਲਾਂ ਦੇ ਢੇਰ ਹੇਠਾਂ ਦੱਬ ਗਿਆ ਸੀ। ਜਿੱਥੇ ਵੀ ਜਿਉਂਦਾ ਹੋਣ ਦਾ ਸਬੂਤ ਦੇਣ ਜਾਂਦਾ। ਉੱਥੋਂ ਇੱਕ ਹੀ ਜਵਾਬ ਲੈ ਪਰਤਦਾ, ਤੂੰ ਤਾਂ ਮਰ ਗਿਆ ਸੀ ..!"

"ਤੇਰੀ ਮੌਤ ਦੀ ਫਾਈਲ ਬੰਦ ਹੋ ਚੁੱਕੀ ਐ! ਡੈੱਥ ਸਰਟੀਫ਼ਿਕੇਟ ਜਾਰੀ ਹੋ ਚੁੱਕਾ..!" ਤੀਹ ਸਾਲ ਪਹਿਲਾਂ ਮੈਨੂੰ ਜਿਸ ਥਾਣੇ ਵਿੱਚ ਚੁੱਕ ਕੇ ਲਿਆਂਦਾ ਸੀ ਉਸਦੀ ਗਾਰਦ ਤੇ ਭਾਸ਼ਾ ਬਦਲ ਗਈ ਸੀ, "ਕਿਹੜੇ ਯੁੱਗ ਦੀਆਂ ਗੱਲਾਂ ਕਰਦੈਂ

ਭੋਲ਼ਿਆ। ਜੇ ਜਿਉਂਦੈ ਕੋਈ ਆਧਾਰ ਕਾਰਡ! ...ਕੋਈ ਵੋਟਰ ਜੇ ਕਾਰਡ ! ਕੁਝ ਤਾਂ ਦਿਖਾ !"

"ਕੋਈ ਰਾਸ਼ਨ ਕਾਰਡ ! ਕੋਈ ਸ਼ਨਾਖਤੀ ਕਾਰਡ ਈ ਦਿਖਾ ਦੇ ਚਾਚਾ ...!" ਪੁਲਿਸ ਵਾਲਿਆਂ ਦੀਆਂ ਗੱਲਾਂ ਸੁਣ ਮੈਂ ਖ਼ੂਨ ਦੀ ਘੁੱਟ ਭਰ ਉਸ ਹਵਾਲਾਤ ਵੱਲ ਨੂੰ ਵੇਖਣ ਲੱਗਾ, ਜਿਸ ਦੀਆਂ ਸਲਾਖਾਂ ਪਿੱਛੇ ਮੇਰਾ ਭੂਤ ਬੈਠਾ ਸੀ।

ਮੇਰੀਆਂ ਸੁਰਖ ਅੱਖਾਂ ਵੱਲ ਵੇਖ ਇੱਕ ਸਿਪਾਹੀ ਮੈਨੂੰ ਧੱਕੇ ਮਾਰਨ ਲੱਗਿਆ, "ਕੀ ਗੱਲ! ਐਂ ਭੁੱਲੇ ਭੂਤ ਵਾਂਗ ਝਾਕਦੈਂ।...ਚੱਲ ਬਾਹਰ...।"

"ਮੈਂ ਕਿਹਾ ਬਾਹਰ ਨਿਕਲ ਜਾ...!" ਉਸਨੇ ਮੇਰਾ ਝੋਲਾ ਖੋਹ ਬਾਹਰ ਵਗਾਹ ਮਾਰਿਆ ਸੀ। ਝੋਲੇ ਵਿੱਚ ਮੇਰੀ ਜਾਨ ਸੀ। ਉਸਨੂੰ ਹਿੱਕ ਨਾਲ ਲਾ ਮੈਂ ਉੱਠ ਕੇ ਖੜ੍ਹਾ ਹੋ ਗਿਆ। ਪਿਆਰੇ ਦੀ ਦੁਕਾਨ ਕੋਲ ਇੱਕ ਬੰਦਾ ਖੜ੍ਹਾ ਸੀ। ਉਹ ਮੈਨੂੰ ਸ਼ੱਕੀ ਨਜ਼ਰਾਂ ਨਾਲ ਵੇਖਣ ਲੱਗਾ। ਸਵੇਰ ਦੀ ਸੈਰ ਕਰਨ ਜਾ ਰਹੀਆਂ ਦੋ ਔਰਤਾਂ ਮੈਨੂੰ ਪਿੱਛੇ ਮੁੜ-ਮੁੜ ਵੇਖਣ ਲੱਗੀਆਂ।

ਉਹਨਾਂ ਦਾ ਡਰ ਵੇਖ ਮੈਂ ਪੈਰਾਂ ਦੀ ਮਿੱਟੀ ਛੱਡ ਦਿੱਤੀ। ਸੁੰਨਾ ਅੱਡਾ ਮੇਰੇ ਨਾਲ ਬਸ ਦੀ ਉਡੀਕ ਕਰਨ ਲੱਗਿਆ। ਰੋਡਵੇਜ਼ ਦੀ ਪਹਿਲੀ ਬਸ ਸੀ। ਉਹ ਮੈਨੂੰ ਲੈ ਕੇ ਜੂਹ ਟੱਪ ਗਈ। ਪਿੱਛੇ ਰਹਿ ਗਿਆ ਪਿੰਡ ਓਪਰਾ ਜਾਪਿਆ।

ਬਸ ਵਿੱਚ ਬੈਠੀਆਂ ਸਵਾਰੀਆਂ ਆਪਣੀਆਂ ਲੱਗੀਆਂ। ਕੰਡਕਟਰ ਪੁੱਛਣ ਲੱਗਾ, "ਹਾਂ ਬਾਈ ਜੀ...!"

"ਇੱਕ ਟਿਕਟ ਖ਼ੂਨੀ ਪਿੰਡ !" ਮੈਂ ਟਿਕਟ ਲੈ ਕੁੜਤੇ ਦੇ ਗੀਜ਼ੇ ਵਿੱਚ ਪਾ। ਮੇਰੇ ਨਾਲ ਦੀ ਸੀਟ 'ਤੇ ਬੈਠਾ ਬੰਦਾ ਉਸ ਥਾਣੇਦਾਰ ਵਰਗਾ ਸੀ, ਜਿਸ ਨੇ ਮੈਨੂੰ ਇਸ ਰਾਹ ਉੱਪਰ ਤੋਰਿਆ। ਮੈਨੂੰ ਉਸ ਤੋਂ ਭੈਅ ਆਇਆ। ਮੈਂ ਪਰ੍ਹਾਂ ਨੂੰ ਹੋ ਕੇ ਬੈਠ ਗਿਆ। ਪਰ ਉਹ ਤਾਂ ਨਦੀ ਕਿਨਾਰੇ ਹੋਈ ਫਾਇਰਿੰਗ ਵਿੱਚ ਮਾਰਿਆ ਗਿਆ ਸੀ। ਮੈਂ ਫਿਰ ਨਾਲ ਲੱਗ ਕੇ ਬੈਠ ਗਿਆ।

"ਦੇਖੀਂ ਐਥੀ ਘਰ ਪਾਈਂ ਬੈਠਾਂ! ...ਉਤਰਨਾ ਨੀ..!" ਕੰਡਕਟਰ ਦੀ ਟਿੱਚਰ ਸੁਣ ਸਵਾਰੀਆਂ ਹੱਸਣ ਲੱਗ ਪਈਆਂ।

ਮੈਂ ਝੋਲਾ ਸੰਭਾਲੀਂ ਉੱਠ ਕੇ ਖੜ੍ਹਾ ਹੋ ਉੱਤਰ ਗਿਆ। ਜਾਂਦੀ ਬਸ ਦੀ ਪਿੱਠ ਵੱਲ ਵੇਖ ਮੈਂ ਮੀਲ ਪੱਥਰ ਵੱਲ ਝਾਕਿਆ। ਉਸ ਉੱਪਰ ਲਿਖਿਆ ਸੀ:- ਖ਼ੂਨੀ ਪਿੰਡ

ਜਿਸ ਥਾਂ ਮੈਂ ਖੜ੍ਹਾ ਸੀ। ਉੱਥੋਂ ਕੁਝ ਫਰਲਾਂਗ ਦੀ ਦੂਰੀ 'ਤੇ ਨਹਿਰ ਸੀ। ਮੈਂ ਉਸਦੀ ਪੱਟੜੀ ਵੱਲ ਨੂੰ ਤੁਰ ਪਿਆ। ਤੁਰਦਾ-ਤੁਰਦਾ ਉਸ ਪੁਲੀ ਕੋਲ ਪਹੁੰਚ ਗਿਆ। ਜਿੱਥੇ ਉਸ ਰਾਤ ਮੁਕਾਬਲਾ ਹੋਇਆ ਸੀ। ਰਾਤ ਦਾ ਸਮਾਂ ਸੀ। ਮੈਂ ਗਾਮੀ ਬਾਠ ਨਾਲ ਮੋਟਰ ਸਾਇਕਲ 'ਤੇ ਆ ਰਿਹਾ ਸੀ। ਨਹਿਰ ਦੀ ਪੱਟੜੀ 'ਤੇ ਨਾਕਾ ਲੱਗਾ ਵੇਖ ਮੈਂ ਲੋਹੇ ਦਾ ਘੋੜਾ ਰੋਕ ਲਿਆ।

"ਰੁਕ ਕਿਉਂ ਗਿਆ ਹੁਣ! ...ਅੱਗੇ ਆ! ਲੈ ਸੁੱਕਾ ਨਾ ਜਾਵੇ ਅੱਜ ..!" ਪੁਲਿਸ ਪਾਰਟੀ ਦੀ ਲਲਕਾਰ ਸੁਣ ਮੈਂ ਗੋਲੀ ਚਲਾਉਣੀ ਸ਼ੁਰੂ ਕਰ ਦਿੱਤੀ।

ਜਵਾਬੀ ਫਾਇਰਿੰਗ ਵਿੱਚ ਕਈ ਗੋਲੀਆਂ ਮੇਰੀ ਛਾਤੀ ਵਿੱਚ ਆ ਵੱਜੀਆਂ। ਮੇਰਾ ਸਾਥੀ ਹਨੇਰੇ ਦਾ ਫਾਇਦਾ ਉਠਾ ਕੇ ਫਰਾਰ ਹੋ ਗਿਆ। ਮੈਂ ਹੇਠਾਂ ਡਿੱਗ ਪਿਆ।

ਪੁਲਿਸ ਨੇ ਮੈਨੂੰ ਚੁੱਕ ਲਿਆ। ਰਾਤੋ ਰਾਤ ਸਰਕਾਰੀ ਹਸਪਤਾਲ ਵਿੱਚ ਲੈ ਗਈ। ਮੇਰੀ ਲਾਸ਼ ਮੁਰਦਘਾਟ ਵਿੱਚ ਰੱਖ ਦਿੱਤੀ। ਅਗਲੀ ਸਵੇਰ ਦਾ ਸੂਰਜ ਮੇਰਾ ਖ਼ੂਨ ਪੀ ਕੇ ਚੜ੍ਹਿਆ ਸੀ। ਉਸਦੀ ਸੁਰਖ ਰੌਸ਼ਨੀ ਵੱਲ ਪਿੱਠ ਕਰ ਡਾਕਟਰਾਂ ਨੇ ਮੇਰਾ ਪੋਸਟ ਮਾਰਟਮ ਕਰ ਦਿੱਤਾ।

"ਲਵਾਰਿਸ ਲਾਸ਼ ਐ!" ਸਰਕਾਰੀ ਕਾਗਜ਼ਾਂ ਵਿੱਚ ਝੂਠੀ ਇਬਾਰਤ ਲਿਖ ਮੇਰੀ ਚਿਖਾ ਨੂੰ ਤੀਲੀ ਛੁਹਾ ਦਿੱਤੀ। ਜਿਸ ਸ਼ਮਸ਼ਾਨਘਾਰ ਵਿੱਚ ਮੈਨੂੰ ਅਗਨ ਭੇਂਟ ਕੀਤਾ ਗਿਆ। ਮੈਂ ਉਸ ਵਿੱਚ ਕਈ ਰਾਤਾਂ ਕੱਟੀਆਂ ਸਨ। ਮੈਨੂੰ ਮਾਰ ਕੇ ਜਿਹਨਾਂ ਨੇ ਮੇਰੇ ਸਿਰ ਰੱਖਿਆ ਪੰਜ ਲੱਖ ਦਾ ਇਨਾਮ ਹਾਸਿਲ ਕੀਤਾ। ਉਹ ਤਰੱਕੀ ਦੀਆਂ ਪੌੜੀਆਂ ਵੀ ਚੜ੍ਹ ਗਏ ਸਨ।

ਅਖ਼ਬਾਰ ਵਿੱਚ ਆਪਣੇ ਝੂਠੇ ਪੁਲਿਸ ਮੁਕਾਬਲੇ ਦੀ ਖ਼ਬਰ ਪੜ੍ਹ ਮੇਰੀ ਰਗ- ਰਗ ਵਿੱਚ ਮੌਤ ਉੱਤਰ ਗਈ ਸੀ। ਮੈਂ ਰੇਲ ਗੱਡੀ ਚੜ੍ਹ ਪਹਿਲਾਂ ਜੰਮੂ-ਕਸ਼ਮੀਰ ਗਿਆ। ਉੱਥੋਂ ਗੋਲੀ ਦੀ ਆਵਾਜ਼ ਤੋਂ ਤੰਗ ਆ ਯੂ.ਪੀ. ਬਿਹਾਰ ਚਲਾ ਗਿਆ ਸੀ। ਉੱਥੇ ਪੰਜਾਬੀ ਲੋਕਾਂ ਦੇ ਟਰੱਕ ਚੱਲਦੇ ਸਨ। ਰੋਟੀ-ਪਾਣੀ ਚਲਾਉਣ ਲਈ ਮੈਂ ਇੱਕ ਟਰੱਕ 'ਤੇ ਕਲੀਨਰ ਲੱਗ ਗਿਆ। ਦਸ ਸਾਲਾਂ ਵਿੱਚ ਕਲੀਨਰੀ ਕਰਦਿਆਂ ਜਿਸ ਦਿਨ ਮੈਂ ਟਰੱਕ ਦਾ ਸਟੇਰਿੰਗ ਫੜਿਆ। ਮੇਰੇ ਹੱਥ ਕੰਬਣ ਲੱਗ ਪਏ ਸਨ। ਪੰਜਾਬ ਵਿੱਚ ਝੂਠੇ ਪੁਲਿਸ ਮੁਕਾਬਲਿਆਂ ਦੇ ਕੇਸ ਖੁੱਲ੍ਹਣ ਲੱਗ ਪਏ ਸਨ। ਪਰ ਮੇਰਾ ਕੇਸ ਬੰਦ ਪਿਆ ਸੀ।

"ਤੇਰਾ ਕੇਸ ਵੀ ਖੁੱਲ੍ਹ ਸਕਦੈ..!" ਜਿਸ ਰਾਤ ਸੁਪਨੇ ਵਿੱਚ ਆਇਆ ਬਾਪੂ ਇਨਸਾਫ਼ ਮੰਗਣ ਲੱਗਿਆ।

ਮੈਂ ਟਰੱਕ ਵਿੱਚੋਂ ਛਾਲ ਮਾਰ ਪੰਜਾਬ ਆ ਗਿਆ ਸੀ। ਮੇਰੀ ਜੇਬ ਵਿੱਚ ਪੈਸੇ ਸਨ। ਜਿਹੜਾ ਵਕੀਲ ਕੇਸ ਨਹੀਂ ਸੀ ਹਾਰਦਾ। ਮੈਂ ਉਸ ਰਾਹੀਂ ਅਦਾਲਤ ਵਿੱਚ ਪੇਸ਼ ਹੋ ਗਿਆ। ਮੈਨੂੰ ਵੇਖ ਜੱਜ ਕੁਰਸੀ ਤੋਂ ਉੱਠ ਕੇ ਖੜ੍ਹਾ ਹੋ ਗਿਆ,

"ਹੈਂਅ! ਕਿਹਾ ! ...ਗੁਰਬਾਜ ਸਿੰਘ ਪੁੱਤਰ ਨਾਇਬ ਸਿੰਘ ਮਰਿਆ ਨਹੀਂ ! ! ਜਿਉਂਦਾ... !"

"ਹਾਂ ਮੀ ਲਾਰਡ ! ਤੀਹ ਸਾਲ ਪਹਿਲਾਂ ਪੁਲਿਸ ਮੁਕਾਬਲੇ ਵਿੱਚ ਮਰਿਆ ਬੰਦਾ ਤੁਹਾਡੇ ਸਾਹਮਣੇ ਜਿਉਂਦਾ ਖੜ੍ਹਾ... !" ਵਕੀਲ ਦੀ ਦਲੀਲ ਉੱਪਰ ਮੈਂ ਮੌਤ ਦਾ ਪਹਾੜ ਬਣਿਆ ਖੜ੍ਹਾ ਸੀ। ਮੈਨੂੰ ਵੇਖ ਪੁਲਿਸ ਅਫ਼ਸਰਾਂ ਦੀ ਜਾਨ ਮੁੱਠੀ ਵਿੱਚ ਆ ਗਈ। ਉਨ੍ਹਾਂ ਖੁਫੀਆ ਢੰਗ ਨਾਲ ਮੇਰੀ ਘੇਰਾਬੰਦੀ ਕਰਨੀ ਸ਼ੁਰੂ ਕਰ ਦਿੱਤੀ।

"ਕੇਸ ਵਾਪਸ ਲੈ ਲਾ। ...ਨਹੀਂ ਤਾਂ ਉਸ ਰਾਤ ਜਿਹੜੀਆਂ ਲੱਤਾਂ ਨਾਲ ਭੱਜਿਆ ਸੀ! ਉਹ ਲੱਤਾਂ ਤੋੜ ਦਿਆਂਗੇ..!" ਮੇਰੀ ਇੱਕ ਲੱਤ ਤੋੜ ਉਨ੍ਹਾਂ ਕਈ ਕੇਸ ਦਰਜ਼ ਕਰ ਦਿੱਤੇ ਸਨ।

ਪਰ ਉਹ ਸਾਰੇ ਕੇਸ ਵਕੀਲ ਦੀ ਇੱਕ ਹੀ ਦਲੀਲ ਨਾਲ ਬੰਦ ਹੋ ਗਏ ਸਨ, "ਮੀ ਲਾਰਡ ! ਜਿਹੜਾ ਬੰਦਾ ਪੁਲਿਸ ਰਿਕਾਰਡ ਅਨੁਸਾਰ ਮਰ ਚੁੱਕਾ ਹੈ ! ...ਉਸ ਉੱਪਰ ਕੋਈ ਕੇਸ ਕਿਵੇਂ ਦਰਜ਼ ਹੋ ਸਕਦਾ..!"

"ਜੇਕਰ ਵਕੀਲ ਦੀ ਦਲੀਲ ਤੇ ਪੁਲਿਸ ਰਿਕਾਰਡ ਉੱਪਰ ਗੌਰ ਕੀਤਾ ਜਾਵੇ ! ...ਤਾਂ ਗੁਰਬਾਜ ਸਿੰਘ ਮਰ ਚੁੱਕਾ ਹੈ..!" ਤਰੀਕ-ਦਰ-ਤਰੀਕ ਪੈਂਦੀ ਅਦਾਲਤੀ ਕਾਰਵਾਈ ਮੈਨੂੰ ਜਿਉਂਦਾ ਮੰਨਣ ਤੋਂ ਇਨਕਾਰ ਕਰ ਗਈ ਸੀ।

ਜਿਸ ਦਿਨ ਮੈਂ ਇਨਸਾਫ਼ ਦੀ ਕੁਰਸੀ ਤੋਂ ਨਾਂਹ ਸੁਣ ਕੇ ਪਰਤਿਆ। ਉਸ ਰਾਤ ਇੱਕ ਅਣਪਛਾਤੀ ਲਾਸ਼ ਮੇਰੇ ਸਿਰਹਾਣੇ ਆ ਖੜ੍ਹੀ ਸੀ, "ਮੈਨੂੰ ਵੀ ਇਨਸਾਫ਼ ਚਾਹੀਦਾ..!"

ਉਸ ਨੂੰ ਇਨਸਾਫ਼ ਦਿਵਾਉਣ ਲਈ ਮੈਂ ਫਿਰ ਅਦਾਲਤ ਚੱਲਿਆ ਸੀ। ਇੱਕ ਵਾਰ ਫਿਰ ਮੇਰੀ ਦਸਤਾਰ ਹਵਾ ਵਿੱਚ ਉੱਛਲਣੀ ਸੀ।

"ਮੇਰੇ ਕੋਲ ਦਸਤਾਰ ਹੀ ਤਾਂ ਹੈ..!" ਉੱਪਰਲੀ ਕੁਰਸੀ ਉੱਪਰ ਨਜ਼ਰ ਟਿਕਾਈ ਮੈਂ ਪੁਲੀ ਉੱਪਰ ਬੈਠ ਗਿਆ।

ਨਹਿਰ ਦਾ ਪਾਣੀ ਸ਼ਾਂਤ ਵਗ ਰਿਹਾ ਸੀ। ਆਪਣੀ ਮੌਤ ਦੀ ਧਰਤੀ ਵੇਖ ਮੈਂ ਅਸ਼ਾਂਤ ਸੀ। ਜਿਉਂ-ਜਿਉਂ ਸੂਰਜ ਸਿਰ ਉੱਪਰ ਚੜ੍ਹ ਰਿਹਾ ਸੀ। ਮੈਂ ਮੁਰਦਾ ਸ਼ਾਂਤੀ ਨਾਲ ਭਰ ਰਿਹਾ ਸੀ।

"ਤੇਰੀ ਰੂਹ ਵਿੱਚ ਮੁਰਦਿਆਂ ਦੀ ਬਸਤੀ ਐ... !" ਅਣਪਛਾਤੀ ਲਾਸ਼ ਦੀ ਆਵਾਜ਼ ਸੁਣ ਮੈਂ ਉੱਠ ਕੇ ਖੜ੍ਹਾ ਹੋ ਗਿਆ। ਨਹਿਰ ਦੀ ਪੱਟੜੀ ਦੂਰ-ਦੂਰ ਤੱਕ ਖ਼ਾਲੀ ਸੀ। ਮੈਂ ਹਵਾ ਵਿੱਚ ਕਦਮ ਰੱਖਦਾ ਖਤਾਨਾਂ ਵੱਲ ਨੂੰ ਤੁਰ ਪਿਆ। ਉਹ ਖਤਾਨ ਮੌਤ ਦੇ ਖੂਹ ਸਨ। ਉਨ੍ਹਾਂ ਵਿੱਚ ਵੇਖਣ ਲਈ ਲੱਤਾਂ ਵਿੱਚ ਜਾਨ ਚਾਹੀਦੀ ਸੀ। ਮੈਂ ਬਚੀ-ਖੁਚੀ ਜਾਨ ਇਕੱਠੀ ਕਰ ਪੱਟੜੀ ਦੇ ਕਿਨਾਰੇ 'ਤੇ ਜਾ ਖੜ੍ਹਿਆ।

"ਇਹਨਾਂ ਖਤਾਨਾਂ 'ਚ ਤੂੰ ਨਹੀਂ ਮੈਂ ਡਿੱਗਿਆ ਸੀ... !" ਜਿਸ ਖਤਾਨ ਵਿੱਚੋਂ ਦਸਤਾਰ ਚੁੱਕੀ ਸੀ, ਉਸ ਵਿੱਚੋਂ ਕੋਈ ਹਾੜ ਵਾਂਗ ਬੋਲਿਆ- ਮੈਂ ਮੋਢੇ ਟੰਗਿਆ ਝੋਲਾ ਘੁੱਟ ਕੇ ਫੜ ਲਿਆ। ਜਿਹਨਾਂ ਦਿਨਾਂ ਵਿੱਚ ਮੈਂ ਕ-ਛਿਪ ਕੇ ਦਿਨ ਕਟੀ ਕਰ ਰਿਹਾ ਸੀ।

ਉਹਨਾਂ ਰਾਤਾਂ ਵਿੱਚ ਮੇਰੀ ਹਾਲਤ ਪਾਣੀ ਤੋਂ ਪਤਲੀ ਹੋ ਜਾਂਦੀ। ਉਂਝ ਤਾਂ ਨੀਂਦ ਬਹੁਤ ਘੱਟ ਆਉਂਦੀ ਸੀ। ਪਰ ਜਿਉਂ ਹੀ ਅੱਖ ਲੱਗਦੀ। ਮੈਨੂੰ ਖੁੱਲ੍ਹੇ ਵਾਲਾਂ ਵਾਲਾ ਸਿਰ ਦਿੱਸਣ ਲੱਗਦਾ। ਮੈਂ ਉਸਦਾ ਚਿਹਰਾ ਪਛਾਨਣ ਲੱਗਦਾ। ਉਹ ਸਵਾਲ ਪੁੱਛਣ ਲੱਗਦਾ, "ਮੇਰੀ ਦਸਤਾਰ ਕਿੱਥੇ ਐ..!"

"ਮੈਂ ਉਹ ਪੰਜ ਸਿਰ ਦੇ ਕੇ ਲਈ ਸੀ!" ਗੋਲੀਆਂ ਵੱਜੀ ਲਾਸ਼ ਵਿੱਚੋਂ ਟਪਕਦਾ ਖੂਨ ਵੇਖ ਮੈਂ ਉੱਠ ਕੇ ਬੈਠਾ ਹੋ ਜਾਂਦਾ। ਮੇਰੀ ਰੂਹ ਉੱਪਰ ਭਾਰ ਪੈ ਗਿਆ ਸੀ। ਉਸ ਭਾਰ ਤੋਂ ਮੁਕਤ ਹੋਣ ਲਈ ਮੈਂ ਇੱਕ ਦਿਨ ਲੁਕਦਾ-ਛਿਪਦਾ ਮੁਕਾਬਲੇ ਵਾਲੀ ਥਾਂ 'ਤੇ ਚਲਿਆ ਗਿਆ।

ਆਲਾ-ਦੁਆਲਾ ਝਾਕਦਾ ਹੌਲੀ-ਹੌਲੀ ਹੇਠਾਂ ਖਤਾਨਾਂ ਵਿੱਚ ਉੱਤਰਿਆ। ਇੱਕ ਖਤਾਨ ਵਿੱਚ ਇੱਕ ਰੁੱਤ ਲਿੱਬੜੀ ਦਸਤਾਰ ਡਿੱਗੀ ਪਈ ਸੀ। ਮੈਂ ਉਸ ਨੂੰ ਚੁੱਕ ਸੀਨੇ ਨਾਲ ਲਾ ਲਿਆ। ਜਿਸ ਤਰ੍ਹਾਂ ਹੇਠਾਂ ਉਤਰਿਆ ਸੀ। ਉਸੇ ਤਰ੍ਹਾਂ ਪਟੜੀ 'ਤੇ ਚੜ੍ਹ ਨਹਿਰ ਦੇ ਕੰਢੇ ਉੱਪਰ ਜਾ ਖੜ੍ਹਿਆ। ਉਸ ਦਿਨ ਨਹਿਰ ਖੜ੍ਹੀ ਸੀ। ਉਸਦੇ ਗੰਧਲੇ ਪਾਣੀ ਵਿੱਚ ਆਪਣਾ ਪਰਛਾਵਾਂ ਵੇਖ ਪਹਿਲੀ ਵਾਰ ਯਕੀਨ ਆਇਆ ਕਿ ਮੈਂ ਜਿਉਂਦਾ ਸੀ।

"ਜੇਕਰ ਤੂੰ ਸੱਚ-ਮੁੱਚ ਜਿਊਂਦਾ ਏਂ। ਉੱਠ ਕੇ ਮੇਰਾ ਸਵਾਲ ਪੁੱਛ..!" ਪੁਲੀ ਤੋਂ ਉੱਠ ਮੈਂ ਕਾਹਲੇ ਕਦਮੀਂ ਅੱਡੇ ਵੱਲ ਨੂੰ ਤੁਰ ਪਿਆ। ਓਪਰਾ ਪਿੰਡ ਸੀ। ਮੈਂ ਲੋਕਾਂ ਲਈ ਓਪਰਾ ਸੀ। ਉਹਨਾਂ ਦੀਆਂ ਨਜ਼ਰਾਂ ਤੋਂ ਬਚਣ ਲਈ ਇੱਕ ਮਿੰਨੀ ਬਸ ਵਿੱਚ ਹੀ ਚੜ੍ਹ ਗਿਆ।

ਉਸਦੀ ਸਪੀਡ ਬਹੁਤ ਹੌਲੀ ਸੀ। ਮੇਰੇ ਅੰਦਰਲਾ ਸਵਾਲ ਬਹੁਤ ਤੇਜ ਦੌੜ ਰਿਹਾ ਸੀ। ਮੈਂ ਥੋੜ੍ਹੀ ਦੇਰ ਬਾਅਦ ਕੰਡਕਟਰ ਨੂੰ ਪੁੱਛ ਲੈਂਦਾ, "ਕਿੰਨਾ ਕੁ ਟਾਈਮ ਲੱਗੂ ਬਾਈ ਜੀ!"

"ਲੈ ਆ ਗਿਆ ਸ਼ਹਿਰ !" ਉਸਦੀ ਗੱਲ ਸੁਣ ਮੈਥੋਂ ਪਹਿਲਾਂ ਮੇਰਾ ਸਵਾਲ ਹੇਠਾਂ ਉੱਤਰ ਗਿਆ।

**ਬਾਕੀ ਸਫ਼ਾ ਨੰ 39 'ਤੇ**

# ਬੀਤੇ ਦੀਆਂ ਪੈੜਾਂ



**(ਅਣਛਪਿਆ–ਭਾਗ)**

**(ਪਿਛਲੇ ਅੰਕ ਤੋਂ ਅੱਗੇ)**

**ਪ੍ਰੀਤਮ ਸਿੰਘ ਕਵੀ**

**10 ਮਈ 1987**
**ਨਵੀਂ ਦਿਲੀ**

15-5-87 ਨੂੰ ਸਵੇਰੇ ਸ. ਸਾਧੂ ਸਿੰਘ ਜਲੰਧਰ ਦੀ ਵੱਡੀ ਲੜਕੀ ਬਿੱਟੂ ਦੀ ਸ਼ਾਦੀ ਹੋਣੀ ਹੈ। ਅਨੰਦ ਕਾਰਜ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਹੋਣਾ ਹੈ। ਮੈਂ ਪੁੱਛਿਆ ਅਨੰਦ ਕਾਰਜ ਕਿਸ ਨਾਲ ਹੋ ਰਿਹਾ ਹੈ? ਉੱਤਰ ਵਿੱਚ ਕੈਨੇਡਾ ਵਾਲੀ ਬੀਬੀ ਕੁਲਦੀਪ ਕੌਰ ਦੇ ਲੜਕੇ ਦੇਵਿੰਦਰ ਸਿੰਘ ਨਾਲ ਤੈਅ ਪਾਇਆ ਦੱਸਿਆ ਗਿਆ।

ਇੱਕ ਫੌਜੀ 3 ਵਜੇ ਦੇ ਨੇੜ੍ਹੇ-ਤੇੜ੍ਹੇ ਚੰਡੀਗੜ੍ਹੋਂ ਆਇਆ। ਏਥੇ ਸ੍ਰੀ ਸਾਜਨ ਦਾ ਲੜਕਾ ਗੁਰਦੀਪ ਸਿੰਘ ਮੈਥੋਂ ਜਾਣਨਾ ਚਾਹੁੰਦਾ ਸੀ ਕਿ ਉਸਦੀ ਭਰਜਾਈ ਬਾਰੇ ਕੀ ਬਣਿਆ ਅਤੇ ਮੈਂ ਉਸਨੂੰ ਸਾਰੀ ਸਥਿਤੀ ਸਮਝਾ ਦਿੱਤੀ।

4 ਵਜੇ ਫੇਰ ਫੋਨ ਖੜਕਿਆ। ਇਹ ਸੰਤ ਹਰਭਜਨ ਸਿੰਘ ਔਰੰਗਾਬਾਦ ਬੋਲ ਰਹੇ ਸਨ: ਸ੍ਰੀ ਭੈਣੀ ਸਾਹਿਬ ਵਿਕਾਸ ਸਮਿਤੀ ਦੀ ਮੀਟਿੰਗ ਸ਼ਹੀਦ ਬਿਸ਼ਨ ਸਿੰਘ ਸਕੂਲ ਵਿੱਚ ਸੱਦੀ ਹੈ। ਬਹੁਤ ਸਾਰੇ ਸੱਜਣ ਆ ਚੁੱਕੇ ਹਨ, ਹੋਰ ਆ ਰਹੇ ਹਨ ਜੇ ਤੁਸੀਂ ਵੀ ਆ ਸੱਕੋ।

ਮੈਂ ਤੁਰੰਤ ਚੱਲਣ ਲਈ ਦੱਸ ਕੇ ਸਾਈਕਲ ਫੜ ਲਿਆ। ਅੱਗੇ ਸਕੂਲ ਦੇ ਵਿੱਚ ਦਿੱਲੀ ਦੇ ਸਿਰ ਕਢਵੇਂ 50 ਤੋਂ ਕੁਝ ਵੱਧ ਵਿਅਕਤੀ ਇਕੱਤ੍ਰਤ ਸਨ। ਸੰਤ ਰਤਨ ਸਿੰਘ ਨੇ ਸੰਤ ਅਮਰ ਸਿੰਘ ਨਿਰਮਾਣ ਆਦਿ ਦਿੱਲੀ ਦੀ ਜ਼ੋਨ ਵੰਡ ਕਰਦੇ ਅਤੇ ਹਰਭਜਨ ਸਿੰਘ ਜੀ ਔਰੰਗਾਬਾਦ ਉਸਨੂੰ ਕਾਪੀ ਤੇ ਨੋਟ ਕਰ ਰਹੇ ਸਨ। ਵਿਕਾਸ ਸਮਿਤੀ ਦੇ ਦੂਜੇ ਮੈਬਰ ਸੰਤ ਬਲਵੰਤ ਸਿੰਘ. ਸੰਤ ਮਹਿੰਦਰ ਸਿੰਘ ਬਾਲੀ ਨਗਰ ਪਾਸ ਬੈਠੇ ਸਨ ਵਿੱਦਿਅਕ ਜੱਥਾ ਦਿੱਲੀ ਦਾ ਸਕੱਤਰ ਸ. ਭੁਪਿੰਦਰ ਸਿੰਘ ਭੁਰਜੀ, ਹਾਦਸੇ ਕਾਰਨ ਬਾਂਹ ਬਨ੍ਹਾਈ ਜ਼ੋਨ ਬੰਦੀ ਵਿਚ ਸਹਾਇਕ ਹੋ ਰਿਹਾ ਸੀ ਅਤੇ ਏਨੇ ਨੂੰ ਸ. ਹੰਸਪਾਲ ਜੀ ਵੀ ਆ ਗਏ।

ਹਰਭਜਨ ਸਿੰਘ ਜੀ ਤੋਂ ਕਲਮ ਕਾਪੀ ਮੈਂ ਫੜ ਲਈ। ਸਾਰੇ ਉਪਸਥਿਤ ਸੱਜਣਾਂ ਦੇ ਸਹਿਯੋਗ ਨਾਲ ਦਿੱਲੀ ਦੇ ਉਗ੍ਰਾਹੀ ਕੰਟਰੋਲ ਕਰਨ ਲਈ 25 ਜ਼ੋਨ ਬਣਾਏ ਗਏ ਅਤੇ ਫੇਰ 25 ਹਲਕਿਆਂ ਲਈ 2 ਤੋਂ ਲੈ 6 ਵਿਅਕਤੀਆਂ ਦੇ ਨਾਮ ਬਤੌਰ ਮੁਖੀ ਨੋਟ ਕਰ ਲਏ ਗਏ।

ਅਤੇ ਫੇਰ ਚੁਗ੍ਰਾਹੀ ਸ਼ੁਰੂ ਹੋਈ। ਭਾਵੇਂ ਸਮਿਤੀ ਦੀ ਲੋੜ ਫੌਰੀ ਤੌਰ ਤੇ ਥੋਕ ਰਕਮਾਂ ਦੀ ਹੈ ਪਰ ਜੋਰ ਮਾਸਿਕ ਉਗ੍ਰਾਹੀ ਲਈ ਰਕਮਾਂ ਲਿਖਣ ਤੇ ਸੀ। ਪਹਿਲ ਕੀਤੀ ਸੰਤ ਗੁਰਚਰਨ ਸਿੰਘ ਮਲੂਵਾਲ ਰਮੇਸ਼ ਨਗਰ ਨੇ ਉਸਨੇ 500 ਸਲਾਨਾ ਦੇਣ ਮੰਨਕੇ ਜੇਬ ਵਿਚੋਂ ਰਕਮ ਕੱਢ ਕੇ ਦੇ ਦਿੱਤੀ। ਇਹ ਗਰੀਬ ਪਰ ਉਦਾਰ ਵਿਅਕਤੀ ਦੀ ਵੱਡੀ ਪਹੁੰਚ ਸੀ, ਫਿਰ 250 ਹਰ ਮਹੀਨੇ ਦੇਣ ਲਈ ਠੇਕੇਦਾਰ ਸੁਲੱਖਣ ਸਿੰਘ ਜਨਤਾ ਕਾਲੋਨੀ ਵਚਨ ਦਿੱਤਾ ਤੇ ਰਕਮ ਕੱਢੀ ਨਾਲ ਹੀ ਗਿਲਾ ਕੀਤਾ ਕਿ ਉਗ੍ਰਾਹੀਏ ਵੇਲੇ ਸਿਰ ਪਹੁੰਚਦੇ ਨਹੀਂ। ਸ. ਸੁਲਖਣ ਸਿੰਘ ਨੇ ਮਾਤਾ ਜੀ ਦੇ ਆਇਆ ਅਕਾਦਮੀ ਸਕੂਲ ਵਾਸਤੇ 5000 ਕਿਸ਼ਤਵਾਰ ਦੇਣਾ ਮੰਨਿਆ ਸੀ ਪਰ ਪਹਿਲਾ 1000 ਲੈ ਕੇ ਫੇਰ ਕੋਈ ਬਹੁੜਿਆ ਹੀ ਨਹੀਂ। ਫੇਰ ਸ. ਹਰਬੰਸ ਸਿੰਘ ਨੇ

250 ਮਹੀਨਾ ਦੇਣਾ ਮੰਨਿਆ ਤੇ ਰਕਮ ਅਦਾ ਕੀਤੀ।

ਉਗ੍ਰਾਈ ਤੋਂ ਪਹਿਲੋਂ ਪ੍ਰੇਰਣਾ ਸਰੂਪ ਵਿਚ ਸ. ਹਰਭਜਨ ਸਿੰਘ ਨੇ ਤਕਰੀਰ ਕਰਦਿਆਂ ਕਿਹਾ ਜੀ: ਜੇ ਦਿੱਲੀ ਦੇ ਸਿੰਘ ਜਿਨ੍ਹਾਂ ਤੇ ਸਤਿਗੁਰਾਂ ਦੀ ਬੜੀ ਕਿਰਪਾ ਹੈ ਕੇਵਲ ਦਸਵੰਧ ਹਰ ਮਹੀਨੇ ਦਿੱਤੀ ਜਾਣ ਤਾਂ ਗੁਰੂ ਕੇ ਕਾਰਜਾਂ ਲਈ ਕੱਢਿਆ ਦਸਵੰਧ ਉਹਨਾਂ ਦੀ ਸਾਰੀ ਰਕਮ ਵਧਾਏਗਾ। ਤਜੁਰਬਾ ਕਰਕੇ ਵੇਖ ਲਓ, ਜਿਸਨੂੰ ਨੁਕਸਾਨ ਹੋਵੇ ਉਹ ਮੇਰੇ ਪਾਸੋਂ ਭਰ ਲਿਓ।

ਨਾਮਧਾਰੀ ਪੰਥ ਵਿਚ ਇਹ ਦਲੇਰੀ ਕੇਵਲ ਸ. ਹਰਭਜਨ ਸਿੰਘ ਵਿਚ ਹੀ ਹੈ ਫੇਰ ਹੰਸਪਾਲ ਜੀ ਨੇ ਚੰਦ ਪ੍ਰੇਰਕ ਸ਼ਬਦ ਆਖੇ ਕੁਝ ਪ੍ਰੇਰਣਾਤਮਕ ਬੋਲ ਮੇਰੇ ਵੀ ਸਨ। ਮੈਂ ਤਾਂ ਆਗਿਆ ਲੈ ਕੇ 5 ਵਜੇ ਆਗਿਆ ਕਿਉਂਕਿ ਘਰ ਕੁਝ ਪ੍ਰਾਹੁਣਚਾਰੀ ਸੀ ਪਰ ਬਾਦ ਵਿਚ ਹਰਭਜਨ ਸਿੰਘ ਜੀ ਤੋਂ ਪਤਾ ਲੱਗਾ 7500 ਉਗ੍ਰਾਹੀ ਹਰ ਮਹੀਨੇ ਅੱਜ ਦੀ ਮੀਟਿੰਗ ਦਾ ਸਿੱਟਾ ਸੀ। ਅੱਗੇ ਵੀ ਇਕ ਮੀਟਿੰਗ ਹੋਈ ਸੀ 7000 ਉਸ ਵਿਚ ਦੇਣਾ ਪ੍ਰਵਾਨ ਕੀਤਾ ਗਿਆ ਸੀ। ਹਰਭਜਨ ਸਿੰਘ ਜੀ ਨੇ ਦੱਸਿਆ ਵਿਕਾਸ ਸਮਿਤੀ ਨੂੰ ਹੁਣ ਤੱਕ ਦਿੱਲੀ ਵਿਚੋਂ 20000 ਮਹੀਨੇ ਦੇਣਾ ਪ੍ਰਵਾਨ ਕੀਤਾ ਗਿਆ ਹੈ।

ਇਹ ਬਹੁਤ ਖੁਸ਼ੀ ਭਰੀ ਖ਼ਬਰ ਸੀ, ਹਾਲਾਂਕਿ ਇਹ ਰਕਮ ਘੱਟੋ-ਘੱਟ 50,000 ਚਾਹੀਦੀ ਹੈ।

ਮੀਟਿੰਗ ਕਾਫ਼ੀ ਉਤਸ਼ਾਹੀ ਮੂਡ ਵਿਚ ਸਮਾਪਤ ਹੋਈ ਸੀ। ਇਹ ਸਭਾ ਵਿਚ ਹੀ ਸਾਨੂੰ ਹੰਸਪਾਲ ਜੀ ਨੇ ਚੋਂਦੀ ਚੋਂਦੀ ਖ਼ਬਰ ਸੁਣਾਈ ਕਿ ਅੱਜ ਭਲਕ ਵਿਚ ਪੰਜਾਬ ਰਾਸ਼ਟਰਪਤੀ ਰਾਜ ਦੇ ਅਧੀਨ ਹੋ ਜਾਵੇਗਾ।

## 11 ਮਈ 1987, ਸੋਮਵਾਰ
## ਨਵੀਂ ਦਿੱਲੀ

ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਆਸਾ ਦੀ ਵਾਰ ਦਾ ਕੀਰਤਨ ਨਾਮਧਾਰੀ ਧਰਮਸ਼ਾਲਾ ਰਮੇਸ਼ ਨਗਰ ਵਿਚ ਹਾਲ ਭਰਪੂਰ ਸੰਗਤਾਂ ਨੇ ਸੁਣਿਆ। ਮੈਂ ਅਤੇ ਸ੍ਰੀਮਤੀ ਗੁਰਬਚਨ ਕੌਰ ਅਸੀਂ ਪੈਦਲ ਮਾਰਚ ਕਰਕੇ 5:15 ਵਜੇ ਪਹੁੰਚ ਗਏ। ਮੈਂ ਸਫੈਦ ਸਾਫ਼ ਬਸਤਰਾਂ ਵਿਚ ਸਾਂ। ਆਪ ਜੀ ਪ੍ਰਮਾਣ ਦੈਦਿਆਂ ਮੇਰੇ ਨਾਲ ਨੇਤਰ ਮਿਲਾ ਗਵਿਆ- "ਭਏ ਕੇਸ ਦੁਧਵਾਨੀ" ਇਹਦਾ ਮਨੋਰਥ ਕੇਵਲ ਮੇਰੀ ਸਫੈਦ ਦਾੜੀ ਤੇ ਬਸਤਰਾਂ ਵੱਲ ਧਿਆਨ ਦਿਵਾ ਕੇ ਮੈਨੂੰ ਪਿਆਰ ਜਤਲਾਣਾ ਹੀ ਸੀ ਇਹ ਨਹੀਂ ਸੀ ਕਿ ਮੈਂ ਮਰਨ ਕੰਢੇ ਪੁੱਜਾ ਖਲਾ ਹਾਂ।

ਸ੍ਰੀ ਸਤਿਗੁਰੂ ਜੀ ਨੇ ਚੰਡੀ ਦੀ ਵਾਰ ਦਾ ਭੋਗ ਪਾਇਆ ਤਾਂ ਮੈਂ ਤਿੰਨ ਗੱਲਾਂ ਰਿਪੋਰਟ ਕੀਤੀਆਂ-

1. ਭੁਪਿੰਦਰ ਸਿੰਘ ਸੁਖਦੇਵ ਫਰੀਦਕੋਟ ਨੂੰ ਮਿਲ ਆਏ ਹਾਂ। ਆਪ ਜੀ ਦੀ ਹਜ਼ੂਰੀ ਵਿਚ ਜਿਨ੍ਹਾਂ ਕਾਗਜ਼ਾਂ ਤੇ ਚਾਹੋਗੇ ਦਸਤਖਤ ਕਰ ਦੇਵੇਗਾ।

2. ਪ੍ਰੋ. ਕਿਰਪਾਲ ਸਿੰਘ ਕਸੇਲ ਦੀਆਂ ਮੇਰੇ ਸਹਿਯੋਗ ਨਾਲ ਲਿਖੀਆਂ ਪੰਜਾਬ ਕੋਸ਼ ਦੀਆਂ ਐਟਰੀਆਂ ਪਰਵਾਨ ਹੋ ਗਈਆਂ ਹਨ। ਸਤਿਗੁਰੂ ਪ੍ਰਤਾਪ ਸਿੰਘ ਭੈਣੀ ਸਾਹਿਬ ਅਤੇ ਗੁਰੂ ਰਾਮ ਸਿੰਘ ਜੀ ਬਾਰੇ ਐਟਰੀਆਂ ਮਿਲਣ ਦੀ ਸੰਭਾਵਨਾ ਹੈ।

3. ਆਪ ਜੀ ਨੂੰ ਮੁਬਾਰਕ ਬਿਟੂ ਸਪੁੱਤਰੀ ਸ. ਸਾਧੂ ਸਿੰਘ ਦਾ ਅਨੰਦ ਕਾਰਜ ਹੋ ਰਿਹਾ ਹੈ।

5:35 ਤੇ ਵਾਰ ਦਾ ਭੋਗ ਪਿਆ ਤਾਂ ਨਾਲ ਹੀ ਕੁਝ ਟੇਢੀਆਂ ਪੱਗਾਂ ਤੇ ਸਫੈਦ ਖਾਦੀ ਬਸਤਰਾਂ ਵਾਲੇ ਸਜਨਾਂ ਨੂੰ ਧਰਮਸ਼ਾਲਾ ਉਪਰ ਸਤਿਗੁਰੂ ਜੀ ਵਾਲੇ ਕਮਰੇ ਵਿਚ ਬੈਠਾਇਆ ਗਿਆ। ਸਕੱਤਰ ਨੇ ਮੈਨੂੰ ਵੀ ਗੱਲਬਾਤ ਸੁਣਾਵਣੀ ਯੋਗ ਜਾਤੀ ਮੈਂ ਵੀ ਕਿਆ ਤਾਂ ਹੇਠ ਲਿਖੇ ਵਿਅਕਤੀਆਂ ਨੇ ਰੋੜੀ ਹਲਕੇ ਵਿਚੋਂ ਹਰਿਆਣਾ ਇਲੈਕਸ਼ਨਾਂ ਵਿਚ ਕੋਈ ਵੀ ਪ੍ਰਭਾਵਸ਼ਾਲੀ ਸਿਖ ਸੱਜਣ ਖੜਾ ਕਰਨ ਦੀ ਸਿਫਾਰਸ਼ ਕਰਨ ਲਈ ਸ੍ਰੀ ਸਤਿਗੁਰੂ ਜੀ ਨੂੰ ਬੇਨਤੀ ਕੀਤੀ। ਇਹ ਬਿਨੈਕਾਰ ਸਨ:

1. ਸ. ਮਲਕੀਅਤ ਸਿੰਘ ਪਿੰਡ ਗੰਗਾ (ਸਿਰਸਾ) ਵਾਈਸ ਪ੍ਰੈਜ਼ੀਡੈਂਟ ਕਾਂਗਰਸ (ਆਈ)
2. ਕਰਨਲ ਰਾਮ ਸਿੰਘ, ਹਰਿਆਣਾ ਯੂਥ ਕਾਂਗਰਸ (ਆਈ) ਦਾ ਜ਼ਿਲ੍ਹਾਂ ਸਕੱਤਰ
3. ਸ. ਹਰਦਮ ਸਿੰਘ ਚੇਅਰਮੈਨ ਬਲਾਕ ਸੰਪਤੀ ਬੜਾ ਗੁੜਾ ਲਕੜਵਾਲਾ
4. ਮਹੰਤ ਸ਼ਿਵਾਨੰਦ, ਪਿੰਡ ਕੇਵਲ (ਸਿਰਸਾ)

5. ਸ. ਅਮਰ ਸਿੰਘ ਨਾਲਿਆਂ ਵਾਲੀ

6. ਸ੍ਰੀ ਨਿਰੰਜਨ ਰਾਮ ਸਰਪੰਚ ਪਿੰਡ ਧਰਮਪੁਰਾ (ਸਿਰਸਾ)

ਇਹ ਜਥਾ ਹੰਸਪਾਲ ਜੀ ਨੂੰ ਹੁਕਮ ਲੁਆਕੇ ਪਹਿਲੇ ਤਿੰਨਾ ਸਿੱਖਾਂ ਚੋਂ ਕਿਸੇ ਨੂੰ ਟਿਕਟ ਦਿਵਾਣਾ ਚਾਹੁੰਦਾ ਸੀ ਕਿਉਂਕਿ ਉਨ੍ਹਾਂ ਦੇ ਕਹਿਣ ਮੁਤਾਬਕ, ਇਲਾਕੇ ਦੀ 52 ਫੀਸਦੀ ਸਿੱਖ ਵੋਟ ਕਿਸੇ ਸਿੱਖ ਨੂੰ ਹੀ ਐਤਕਾਂ ਹਰਿਆਣਾ ਅਸੰਬਲੀ ਵਿਚ ਘੱਲਣਾ ਚਾਹੁੰਦੀ ਹੈ। ਅੱਗੇ ਹਲਕਾ ਰੋੜੀ ਵਿਚੋਂ ਜਗਦੀਸ਼ ਨਹਿਰਾ ਜਿਤਿਆ ਸੀ ਜੋ ਹਰਿਆਣਾ ਮਨਿਸ਼ਟਰੀ ਵਿਚ ਵੀ ਹੈ। ਐਤਕਾਂ ਇਲਾਕੇ ਦੀਆਂ ਅੱਖਾਂ ਕੈਰੀਆਂ ਹਨ।

ਸਤਿਗੁਰੂ ਜੀ ਨੇ ਇਨ੍ਹਾਂ ਵਿਅਕਤੀਆਂ ਨਾਲ ਉਹਨਾਂ ਸਾਰੀਆਂ ਸੰਭਾਵਨਾਵਾਂ ਨੂੰ ਹਲਕੇ ਰੂਪ ਵਿਚ ਧਿਆਨ ਵਿਚ ਲਿਆਂਦਾ ਜਿਹੜੀਆਂ ਦੂਜੀ ਧਿਰ ਉਠਾ ਸਕਦੀ ਸੀ ਪਰ ਇਹਨਾਂ ਸਿੱਖਾਂ ਦੀ ਵੱਡੀ ਕਾਮਨਾ ਇਹ ਸੀ ਕਿ ਸਿੱਖ ਹਲਕਿਆਂ ਦੀ ਆਵਾਜ਼ ਕਾਂਗਰਸ ਹਾਈ ਕਮਾਨ, ਅਰਥਾਤ ਪ੍ਰਧਾਨ ਮੰਤਰੀ ਤੱਕ ਪੁਜ ਜਾਵੇ। ਅਤੇ ਇਹ ਕਾਰਜ ਸ. ਹੰਸਪਾਲ ਜੀ ਬਾਖ਼ੂਬੀ ਕਰ ਸਕਦੇ ਸਨ।

10 ਮਿੰਟ ਦੇ ਵਾਰਤਾਲਾਪ ਪਿਛੋਂ ਇਹ ਭਾਵਨਾ ਰਾਜੀਵ ਤੱਕ ਪਹੁੰਚਾਉਣ ਦਾ ਜ਼ਿੰਮਾ ਲੈ ਹੰਸਪਾਲ ਜੀ ਨੇ ਗੱਲ ਸਮਾਪਤ ਕਰ ਦਿੱਤੀ।

ਏਸੇ ਮੌਕੇ ਸੰਤ ਗੁਰਦੀਪ ਸਿੰਘ ਢੋਡਾ ਸਾਬਕਾ ਪ੍ਰਬੰਧਕ ਨਾਮਧਾਰੀ ਧਰਮਸ਼ਾਲਾ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਗੋਲਕ ਦੀਆਂ ਚਾਬੀਆਂ ਰੱਖ ਗਿਆ। ਵਾਰ ਦੀ ਸਮਾਪਤੀ ਤੇ ਸ਼ਾਇਦ ਬਲਦੇਵ ਸਿੰਘ ਦੀ ਅਰਜ਼ ਤੇ ਗੁਰਦੀਪ ਸਿੰਘ ਢੋਡਾ ਨੂੰ ਬੁਲਾਇਆ ਗਿਆ ਸੀ ਅਤੇ ਸ੍ਰੀ ਸਤਿਗੁਰੂ ਜੀ ਵਲੋਂ ਉਸਨੂੰ ਆਗਿਆ ਹੋਈ ਸੀ ਚਾਬੀਆਂ ਲਿਆਉਣ ਦੀ। ਇਸ ਵੇਲੇ ਏਸੇ ਅੰਦਰ ਨਾਮਧਾਰੀ ਧਰਮਸ਼ਾਲਾ ਦੇ ਮੌਜੂਦਾ ਪ੍ਰਬੰਧਕਾਂ ਵਿਚੋਂ ਸੰਤ ਸਾਧਾ ਸਿੰਘ ਖਲੋਤੇ ਸਨ, ਉਨ੍ਹਾਂ ਨੂੰ ਸ੍ਰੀ ਸਤਿਗੁਰੂ ਜੀ ਨੇ ਚਾਬੀਆਂ ਉਠਾ ਲੈਣ ਲਈ ਬਚਨ ਕੀਤਾ। ਸਾਲ ਡੇਢ ਸਾਲ ਤੋਂ ਨਵੇਂ ਪ੍ਰਬੰਧਕਾਂ ਧਰਮਸ਼ਾਲਾ ਦੀ ਜ਼ਿੰਮੇਵਾਰੀ ਆਈ ਸੀ ਪਰ ਅਜੇ ਤੱਕ ਮੌਜੂਦਾ ਮੁਖੀਆਂ ਨੂੰ ਗੋਲਕ ਦੀਆਂ ਕੁੰਜੀਆਂ ਨਹੀਂ ਸੀ ਮਿਲੀਆਂ ਇਹ ਦਾ ਪਤਾ ਹੁਣੇ ਹੀ ਲੱਗਾ।

ਅੱਜ ਆਸਾ ਦੀ ਵਾਰ ਸਮੇਂ ਦਿੱਲੀ ਦੀਆ ਹਸਤੀਆਂ ਨਾਲ ਸੰਤ ਹਰਭਜਨ ਸਿੰਘ-ਸੋਹਣ ਸਿੰਘ ਔਰੰਗਾਬਾਦ ਵੀ ਗੁਰੂ ਨੇ ਦਰਸ਼ਨ ਪ੍ਰੇਮੀਆਂ ਵਿਚ ਸਨ। ਸੰਤ ਭਜਨੀਕ ਸਿੰਘ ਮੰਜੀ ਵਾਲਿਆਂ ਦਾ ਪਰਿਵਾਰ ਤੇ ਉਹ ਵੀ ਦਰਸ਼ਨ ਕਰਨ ਵਾਲਿਆਂ ਵਿਚੋਂ ਸਨ।

ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਸੰਤ ਅਮਰ ਸਿੰਘ ਨਿਰਮਾਣ ਨੇ ਬੇਨਤੀ ਕੀਤੀ ਕਿ ਉਹਨਾਂ ਦਾ ਲੜਕਾ ਅਵਤਾਰ ਸਿੰਘ ਨੂੰ ਗੈਸ ਟ੍ਰਬਲ ਹੋ ਗਈ ਹੈ। ਇਹਦਾ ਉੱਤਰ ਕੀ ਮਿਲਿਆ ਸੁਣ ਨਹੀਂ ਸਕਿਆ।

ਅੱਜ ਸ਼ਾਮੀ 4 ਵਜੇ ਤੱਕ ਕਿਉਂਕਿ ਸੱਚੇ ਪਾਤਸ਼ਾਹ ਨੇ ਸ੍ਰੀ ਭੈਣੀ ਸਾਹਿਬ ਵਾਸਤੇ ਹਵਾਈ ਸਫ਼ਰ ਕਰਨਾ ਸੀ, ਸੁ ਮੈਂ 8 ਵਜੇ ਹੀ ਪੂਸਾ ਰੋਡ ਕੋਠੀ ਪਹੁੰਚ ਗਿਆ।

ਮੇਰੇ ਜਾਂਦਿਆਂ ਨੂੰ ਦੋ ਦਰਜਨ ਵਿਅਕਤੀਆਂ ਵਿਚ ਬੈਠੇ ਆਪਣੇ ਕਲਾਕਾਰਾਂ ਹਰਭਜਨ ਸਿੰਘ, ਮੋਹਣ, ਸੁਖਦੇਵ, ਮੱਯਾ ਸਿੰਘ, ਪਿੰਕੀ ਅਤੇ ਕੁਝ ਹੋਰ ਸੰਗੀਤ ਪ੍ਰੇਮੀਆਂ ਦੀ ਜਾਣਕਾਰੀ ਹਿਤ ਆਪ ਜੀ ਕੁਝ ਗਾ ਕੇ ਸੁਣਾ ਰਹੇ ਸਨ, ਪਿੰਕੀ ਦੇ ਤਬਲੇ ਨਾਲ। ਛੇਤੀ ਹੀ ਸੰਤ ਤਰਸੇਮ ਸਿੰਘ ਸਕੱਤਰ ਨੇ ਆ ਮੱਥਾ ਟੇਕਿਆ। ਇਹ ਬੀਬੀ ਕੁਲਦੀਪ ਕੌਰ ਕੈਨੇਡਾ, ਬੀਬੀ ਸੁਰਜੀਤ ਕੌਰ ਤੇ ਬੀਬੀ ਨਰਿੰਦਰ ਆਦਿ ਨਾਲ ਕੁਝ ਗੱਲਬਾਤ ਕਰਕੇ ਆਇਆ ਸੀ। ਅਤੇ ਆਉਂਦਿਆਂ ਹੀ ਇਸ ਅਰਜ਼ ਕੀਤੀ ਕਿ ਦੀਨ ਦਿਆਲ ਬੀਬੀ ਕੁਲਦੀਪ ਕੌਰ ਨੂੰ ਦਰਸ਼ਨ ਦੇਣ ਦੀ ਕਿਰਪਾ ਕਰਨਾ।

ਇਸ ਦੌਰਾਨ ਪਤਾ ਨਹੀਂ ਗੱਲ ਕਿਵੇਂ ਸ਼ੁਰੂ ਹੋਈ ਸ੍ਰੀ ਸਤਿਗੁਰੂ ਜੀ ਨੇ ਸ. ਵੀਰ ਸਿੰਘ ਸੇਠੀ (ਬੈਂਕਾਕ) ਦੀਆਂ ਤਿੰਨ ਵਾਰਤਾਵਾਂ ਸੁਣਾ ਦਿੱਤੀਆਂ।

**ਚਲਦਾ...**

# ਅੱਖੀਂ ਡਿੱਠਾ ਕਿੱਸਾ ਕੀਤਾ



**(ਜਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ ਦੇ ਝਰੋਖੇ ਚੋਂ)**

**ਸੰਪਾਦਕ: ਸੁਵਰਨ ਸਿੰਘ ਵਿਰਕ**
**9996371716**

7. ਰਿਆਸਤ ਨਾਭਾ ਦਾ ਸੂਬਾ, ਸੂਬਾ ਲਾਲ ਸਿੰਘ ਢਿੱਲਵਾਂ ਮੌੜ
8. ਰਿਆਸਤ ਬਹਾਵਲਪੁਰ ਦਾ ਸੂਬਾ ਮਾਹੀ ਸਿੰਘ
9. ਜ਼ਿਲ੍ਹਾ ਮਿੰਟਗੁਮਰੀ (ਸਾਹੀਵਾਲ) ਸੂਬਾ ਲੱਧਾ ਸਿੰਘ ਮਹੰਤ ਖ਼ਿਆਲੀਆ
10. ਜ਼ਿਲ੍ਹਾ ਅੰਮ੍ਰਿਤਸਰ ਸੂਬਾ ਹਰਨਾਮ ਸਿੰਘ ਭੋਇਵਾਲੀ
11. ਜ਼ਿਲ੍ਹਾ ਲਾਹੌਰ ਸੂਬਾ ਲਾਭ ਸਿੰਘ ਜੀ, ਡੱਫਰਕੇ
12. ਜ਼ਿਲ੍ਹਾ ਸ਼ੇਖੂਪੁਰਾ ਸੂਬਾ ਮਤਾਬ ਸਿੰਘ ਜੀ ਦਾਤੇਵਾਲ
13. ਜ਼ਿਲ੍ਹਾ ਗੁਜਰਾਂਵਾਲਾ ਸੂਬਾ ਅਰੂੜ ਸਿੰਘ
14. ਜ਼ਿਲ੍ਹਾ ਸਿਆਲਕੋਟ ਸੂਬਾ ਭਗਤ ਸਿੰਘ ਜੀ ਦਾਤੇਵਾਲੀਏ
15. ਜ਼ਿਲ੍ਹਾ ਲਾਇਲਪੁਰ, ਸੂਬਾ ਟਹਿਲ ਸਿੰਘ ਸਦੋਵਾਲ
16. ਜ਼ਿਲ੍ਹਾ ਗੁਰਦਾਸਪੁਰ...

ਪ੍ਰਚਾਰਕ ਅਤੇ ਜਥੇਦਾਰ ਜੋ ਨਾਮਧਾਰੀ ਦਰਬਾਰ ਦੇ ਆਦੇਸ਼ ਮੁਤਾਬਿਕ ਭਿੰਨ ਭਿੰਨ ਇਲਾਕਿਆਂ ਵਿੱਚ ਸਿੱਖੀ ਪ੍ਰਚਾਰ ਪ੍ਰਸਾਰ ਵਾਸਤੇ ਥਾਪੇ ਗਏ ਉਹਨਾਂ
ਦੇ ਨਾਮ ਗ੍ਰਾਮ ਇਹ ਹਨ:

1. ਸੰਤ ਆਲਾ ਸਿੰਘ ਵਰਨ
2. ਸੰਤ ਫਤਹਿ ਸਿੰਘ ਮਾਂਗਾ
3. ਸੰਤ ਮੋਹਨ ਸਿੰਘ ਵਡਾਲਾ ਜੌਹਲਾਂ
4. ਸੰਤ ਤੇਜਾ ਸਿੰਘ ਸਮਸਾ (ਸ਼ੇਖੂਪੁਰਾ)
5. ਸੰਤ ਬੰਤਾ ਸਿੰਘ ਜੀ ਬੂੜੇ ਡੱਲਾ (ਗੁਰਦਾਸਪੁਰ)
6. ਅਰੂੜ ਸਿੰਘ ਜੀ ਖਿਆਲਾ (ਅੰਮ੍ਰਿਤਸਰ)
7. ਸੰਤ ਅਤਰ ਸਿੰਘ ਜੀ ਸੰਬੜ੍ਹ ਵਾਲ

(ਇਹ ਕੁਝ ਚਿਰ ਤੋਂ ਹੀ ਉਠੇ ਸਨ, ਪਹਿਲਾਂ ਜਥੇਦਾਰ ਬੰਤਾ ਸਿੰਘ ਬੂੜੇ ਡੱਲੀਏ ਦੇ ਜਥੇ ਵਿਚ ਸਨ।)

8. ਸੰਤ ਖਜ਼ਾਨ ਸਿੰਘ ਜੀ ਮਜ਼੍ਹਬੀ
9. ਸੰਤ ਟਹਿਲ ਸਿੰਘ ਜੀ ਸੱਦੋਵਾਲ (ਸਿਆਲਕੋਟ)
10. ਸੰਤ ਮੰਗਲ ਸਿੰਘ ਅਰਸ਼ੀ ਫ਼ਰਿਸ਼ਤਾ
11. ਸੰਤ ਨੱਥਾ ਸਿੰਘ ਜੀ ਲੋਪੋਕੇ

ਇਹਨਾਂ ਦੇ ਚੇਲੇ ਨਿਧਾਨ ਸਿੰਘ ਆਲਮ ਸਨ ਜੋ ਇਸ ਹੋਲੇ ਤੇ ਹੀ ਪਹਿਲੀ ਵੇਰ ਆਏ ਸਨ ਅਤੇ ਵਾਜਾ ਵਜਾਉਂਦੇ ਸਨ

ਸੰਤਾਂ ਦੇ ਜਥੇ ਵਿਚ

12. ਸੰਤ ਭਗਤ ਸਿੰਘ ਜੀ ਦਾਤੇਵਾਲੀਏ

ਇਹ ਸਭ ਪ੍ਰਚਾਰਕਾਂ ਦੇ ਮੁਖੀ ਥਾਪੇ ਗਏ ਸਨ। ਪ੍ਰਚਾਰ ਦੇ ਮਾਮਲੇ ਵਿਚ ਕੋਈ ਸ਼ੰਕਾ, ਪੁੱਛ ਪੜਤਾਲ ਬਾਕੀ ਜਥੇਦਾਰ ਇਹਨਾਂ ਤੋਂ ਨਵਿਰਤ ਕਰ ਸਕਦੇ ਸਨ। ਸੰਤ ਗਿਆਨ ਦਾ ਸਮੁੰਦਰ ਸਨ।

ਇਸ ਹੋਲੇ ਸਮੇਂ ਹੀ ਸਤਿਗੁਰੂ ਜੀ ਨੇ ਐਲਾਨ ਕੀਤਾ ਕਿ ਨਾਮਧਾਰੀ ਪੰਥ ਨਾਲ ਸਬੰਧਿਤ ਕਿਸੇ ਵੀ ਮਸਲੇ ਬਾਰੇ ਮੈਂ ਅੱਜ ਤੋਂ ਬਾਦ ਸਰਕਾਰੀ ਅਦਾਲਤਾਂ ਵਿਚ ਨਹੀਂ ਜਾਵਾਂਗਾ। ਇਹ ਕੰਮ ਦਰਬਾਰ ਦੇ ਜ਼ਿੰਮੇ ਹੈ। ਮੈਂ ਤਾਂ ਸਤਿਗੁਰੂ ਰਾਮ ਸਿੰਘ ਦੀ ਸੰਗਤ ਦੇ ਦਰਸ਼ਨ ਲਈ ਜਾਂ ਦੌਰੇ ਕਰਾਂਗਾ ਜਾਂ ਉਹਨਾਂ ਨਮਿਤ ਪਾਠਾਂ ਦੇ ਭੋਗ ਪੁਆਵਾਂਗਾ। ਉਹਨਾਂ ਹਰ ਸਿੰਘ ਨੂੰ ਯਥਾ ਸ਼ਕਤ ਇਸ ਪਾਠ ਪ੍ਰਵਾਹ ਵਿਚ ਹਿੱਸਾ ਲੈਣ ਲਈ ਵੀ ਆਖਿਆ। ਜੇ ਕੋਈ ਸਰਦਾ ਪੁੱਜਦਾ ਸਿੰਘ ਹੋਵੇ ਤਾਂ ਉਹ ਚਾਲੀ ਰੁਪੈ ਦੇਵੇ, ਇਕ ਅਖੰਡ ਪਾਠ ਦੀ ਭੇਟਾ। ਜੇ ਕੋਈ ਜ਼ਿਆਦਾ ਕਮਜ਼ੋਰ ਹੋਵੇ ਤਾਂ ਉਹ ਭਾਵੇਂ ਇਕ ਪੈਸਾ ਹੀ ਦੇ ਦੇਵੇ, ਅਸੀਂ ਉਹਦੇ ਵਲੋਂ ਸਤਿਗੁਰੂ ਜੀ ਨਮਿਤ ਅਖੰਡ ਪਾਠ ਕਰ ਦਿਆਂਗੇ।

ਹੋਲੇ ਦੇ ਭੋਗ ਤੋਂ ਬਾਦ ਨਾਮਧਾਰੀ ਦਰਬਾਰ ਦੇ ਮੈਂਬਰ ਤਾਂ ਭੈਣੀ ਸਾਹਿਬ ਚਲੇ ਗਏ, ਡੇਰੇ ਦਾ ਕੰਮ ਸੰਭਾਲਣ ਵਾਸਤੇ ਅਤੇ ਸੂਬੇ, ਜਥੇਦਾਰ, ਪ੍ਰਚਾਰਕ ਆਪੋ ਆਪਣੇ ਇਲਾਕਿਆਂ ਵਿਚ ਨਾਮਧਾਰੀ ਦਰਬਾਰ ਦੀ ਹਦਾਇਤ ਮੁਤਾਬਿਕ ਪੰਥਕ ਪ੍ਰਚਾਰ ਦੇ ਕਾਰਜ ਵਿਚ ਜੀ ਜਾਨ ਨਾਲ ਜੁਟ ਗਏ।

ਸ੍ਰੀ ਸਤਿਗੁਰੂ ਜੀ ਮਾਲਵੇ ਦੇ ਪਿੰਡਾਂ ਵਿਚ ਦੀ ਸੰਗਤਾਂ ਨੂੰ ਦਰਸ਼ਨ ਮੇਲੇ ਦਿੰਦੇ ਹੋਏ ਝਾੜੀਵਾਲ, ਫੀਰੋਜ਼ਪੁਰ ਛਾਉਣੀ, ਚੀਮੇ, ਵਲਟੋਹਾ, ਸਿੰਘਪੁਰਾ, ਮੱਖੀਆਂ ਦੋਵੇ, ਸਿਰਹਾਲੀ ਵਰਿਆਂਹ ਸੰਘੇ, ਨੁਸ਼ਹਿਰਾ ਪੰਨੂਆਂ, ਦੀਨ ਪੁਰ ਆਦਿ ਮਾਝੇ ਦੇ ਪ੍ਰਸਿੱਧ ਪਿੰਡਾਂ ਥਾਣੀਂ ਹੁੰਦੇ ਹੋਏ ਚੇਤ ਚੌਦੇ ਦੀ ਮੱਸਿਆ ਦੇ ਮੇਲੇ ਤੇ ਤਰਨਤਾਰਨ ਪੁੱਜ ਗਏ। ਇਥੇ ਨਾਮਧਾਰੀ ਧਰਮਸ਼ਾਲਾ ਵਿਖੇ ਡੇਰਾ ਲੱਗਦਾ ਸੀ।

ਮੱਸਿਆ ਤੋਂ ਬਾਅਦ ਫਿਰ ਮਾਝੇ ਦੇ ਨਗਰਾਂ ਨੂੰ ਤਾਰਦੇ ਹੋਏ ਵੈਸਾਖੀ ਸਮੇਂ ਸ੍ਰੀ ਅੰਮ੍ਰਿਤਸਰ ਜਾ ਦਰਸ਼ਨ ਦਿਤੇ। ਸੰਗਤਾਂ ਪਾਸੋਂ ਅਖੰਡ ਪਾਠਾਂ ਲਈ ਮਾਇਆ ਆਪ ਜੀ ਦੇ ਹੁਕਮ ਅਨੁਸਾਰ ਇਕੱਤਰ ਕੀਤੀ ਗਈ ਅਤੇ ਇੱਥੋਂ ਸ੍ਰੀ ਭੈਣੀ ਸਾਹਿਬ ਆਉਂਦਿਆਂ ਹੀ ਆਪ ਨੇ ਅਖੰਡ ਪਾਠਾਂ ਦਾ ਪ੍ਰਵਾਹ ਤੋਰ ਦਿਤਾ। ਹਾੜ ਦੇ ਪਿਛਲੇ ਪੱਖ ਜਦੋਂ ਮੀਂਹ ਸ਼ੁਰੂ ਹੋ ਗਏ ਅਤੇ ਪਤੰਗਿਆਂ ਨੇ ਜੋਤਾਂ ਤੇ ਡਿੱਗਣਾ ਸ਼ੁਰੂ ਕੀਤਾ ਉਦੋਂ ਅਖੰਡ ਪਾਠ ਰੋਕ ਦਿਤੇ ਗਏ। ਇਸੇ ਸਮੇਂ ਹੀ ਕੁਝ ਦਿਨਾਂ ਲਈ ਸਤਿਗੁਰੂ ਜੀ ਨਹਿਰ ਵਾਲੇ ਡੇਰੇ 'ਤੇ ਜਾ ਟਿਕੇ।

ਮਹਾਰਾਜਾ ਹੀਰਾ ਸਿੰਘ ਨਾਭਾ ਅਤੇ ਕੂਕਿਆਂ ਦੇ ਸਬੰਧ

ਨਾਭੇ ਦੀ ਗੱਦੀ ਤੇ ਬਹਿਣ ਤੋਂ ਪਹਿਲਾਂ ਜੋ ਉਸਨੂੰ, ਗੁਜ਼ਰ ਗਏ ਰਾਜੇ ਦੇ ਸ਼ਰੀਕੇ ਭਾਈਚਾਰੇ ਵਿਚੋਂ ਮਿਲੀ ਸੀ, ਹੀਰਾ ਸਿੰਘ ਬਡਰੁੱਖੇ ਵਾਲਾ, ਕੂਕਾ ਸੀ। ਮਲੇਰ ਕੋਟਲੇ ਤੋਂ ਨਾਭਾ ਨੇੜੇ ਹੀ ਸੀ ਅਤੇ ਜਦੋਂ ਬੁੱਚੜ ਬੱਧ ਹੋਣ ਤੋਂ ਬਾਦ ਸਿੰਘਾਂ ਨੂੰ ਉੱਥੇ ਸ਼ਹੀਦ ਕਰਨ ਲਈ ਰਿਆਸਤਾਂ ਨੇ ਆਪਣੀਆਂ ਤੋਪਾਂ ਅਤੇ ਫੌਜਾਂ ਭੇਜੀਆਂ ਸਨ ਤਾਂ ਤੀਜੇ ਨੰਬਰ ਤੇ ਜਿਹੜੀ ਤੋਪ ਬੀੜੀ ਗਈ ਸੀ ਉਹ ਨਾਭੇ ਰਿਆਸਤ ਦੀ ਹੀ ਸੀ ਜਿਸ ਦਾ ਹੁਣ ਮਹਾਰਾਜਾ ਹੀਰਾ ਸਿੰਘ ਸੀ। ਜਿਸ ਵੇਲੇ ਸਤਿਗੁਰੂ ਰਾਮ ਸਿੰਘ ਜੀ ਨੇ ਸੁਣਿਆ ਕਿ ਨਾਭੇ ਦੀ ਤੋਪ ਵੀ ਸਿੰਘਾਂ ਨੂੰ ਸ਼ਹੀਦ ਕਰਨ ਲਈ ਆਈ ਹੈ ਤਾਂ ਉਹਨਾਂ ਹੁਕਮ ਕੀਤਾ ਸੀ ਕਿ ਹੀਰਾ ਸਿੰਘ ਵੀ ਪਾਪ ਦੀ ਬੇੜੀ ਵਿਚ ਚੜ੍ਹ ਗਿਆ ਹੈ। ਇਸ ਬਚਨ ਤੋਂ ਵੀ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਹੀਰਾ ਸਿੰਘ ਪਹਿਲੋਂ ਕੂਕਾ ਸੀ, ਤਾਂ ਹੀ ਸਤਿਗੁਰੂ ਜੀ ਨੂੰ ਉਸ ਤੇ ਗਿਲਾ ਆਇਆ ਸੀ ਕਿਉਂਕਿ ਦੂਜੀਆਂ ਰਿਆਸਤਾਂ ਪਟਿਆਲਾ, ਜੀਂਦ ਆਦਿ ਲਈ ਆਪ ਨੇ ਇਸ ਤਰ੍ਹਾਂ ਦਾ ਕੋਈ ਸ਼ਬਦ ਨਹੀਂ ਵਰਤਿਆ ਸੀ। ਸਤਿਗੁਰੂ ਜੀ ਜਾਣਦੇ ਸਨ ਕਿ ਅੰਗ੍ਰੇਜ਼ਾਂ ਪ੍ਰਤੀ ਆਤਮ ਸਮਰਪਣ ਕਰਕੇ ਅਤੇ ਪੰਜਾਬ ਦਾ ਸੁਤੰਤਰ ਰਾਜ ਖੋਹਣ ਵਿਚ ਅੰਗ੍ਰੇਜ਼ਾਂ ਦੀ ਮੱਦਦ ਕਰਨ ਸਦਕਾ ਪਟਿਆਲੇ ਵਾਲੇ ਤਾਂ ਪਹਿਲਾਂ ਹੀ ਦੋਸ਼ੀ ਸਨ, ਪੰਜਾਬ ਦੀ ਜਨਤਾ ਦੇ। ਕਸਰ ਸਿਰਫ਼ ਹੀਰਾ ਸਿੰਘ ਦੀ ਰਤਾ ਰਹਿੰਦੀ ਸੀ ਉਹ ਵੀ ਇਸ ਸਾਕੇ ਵਿਚ ਨਿਕਲ ਗਈ।ਪਰ ਹੀਰਾ ਸਿੰਘ ਦੇ ਮਨ ਵਿਚ ਆਪਣੀ ਇਸ ਕਾਰਵਾਈ ਪ੍ਰਤੀ ਗਿਲਾਨੀ ਰਹੀ ਅਤੇ ਮੁਕਤਸਰ ਦੀ ਕਿਸੇ ਮਾਘੀ ਤੇ ਅੰਗ੍ਰੇਜ਼ਾਂ ਤੋਂ ਚੋਰੀ ਚੋਰੀ ਉਹ ਇਹਨਾਂ ਕੂਕੇ ਆਗੂਆਂ ਨੂੰ ਮਿਲਿਆ। 1. ਨਰਾਇਣ ਸਿੰਘ ਰੋਡਿਆਂ ਵਾਲਾ, 2. ਗੋਧਾ ਸਿੰਘ ਅਬਲੂ, 3 . ਜਵੰਦ ਸਿੰਘ ਜਿੰਦਾ ਸ਼ਹੀਦ ਖਿਆਲੀਆ, 4. ਦਰਬਾਰਾ ਸਿੰਘ ਰਾਏਪੁਰੀਆ, 5. ਦਾਨ ਸਿੰਘ ਅਤੇ 6. ਮਾਈ ਹੁਕਮੀ ਵਰਿਆਂਹ ਵਾਲੀ।ਕੁਝ ਸਿੰਘ ਹੋਰ ਵੀ ਸਨ। ਉਸ

ਆਪਣੀ ਕੀਤੀ ਨੂੰ ਮਜਬੂਰੀ ਵਸ ਦੱਸਿਓ ਸੂ, ਦਾ ਪਸ਼ਚਾਤਾਪ ਕੀਤਾ ਅਤੇ ਸਿੰਘਾਂ ਨੂੰ ਕਿਹਾ ਕਿ ਉਹ ਗੁਰੂ ਹਰੀ ਸਿੰਘ ਜੀ ਨੂੰ ਬੇਨਤੀ ਕਰਕੇ ਉਸਦੀ ਭੁੱਲ ਬਖ਼ਸ਼ਾਉਣ। ਤਨਖ਼ਾਹ ਸਰੂਪ ਕੁਝ ਘੋੜੇ ਵੀ ਉਸ ਚੋਰੀ ਛਿਪੇ ਡੇਰੇ ਸ੍ਰੀ ਭੈਣੀ ਸਾਹਿਬ ਅਰਦਾਸ ਕਰਵਾਏ। ਅੰਗ੍ਰੇਜ਼ ਦਾ ਡਰ ਵੀ ਰਿਆਸਤੀ ਰਾਜਿਆਂ ਨੂੰ ਰਹਿੰਦਾ ਸੀ ਕਿਉਂਕਿ ਇਹ ਰਾਜੇ ਲੋਕਾਂ ਦੇ ਮਾਈ ਬਾਪ ਸਨ ਅਤੇ ਆਪ ਇਹ ਅੰਗ੍ਰੇਜ਼ ਸਰਕਾਰ ਨੂੰ ਆਪਣਾ ਮਾਈ ਬਾਪ ਸਮਝਦੇ ਸਨ। ਡੇਰੇ ਦੇ ਇਕ ਇਕ ਸਿੰਘ ਦੀ ਸੁੱਖ ਸਾਂਦ, ਹੀਰਾ ਸਿੰਘ ਫਿਰ ਵੀ ਕਈ ਵੇਰ ਮਾਘੀ ਦੇ ਮੇਲੇ ਤੇ ਮੁਕਤਸਰ, ਆਪਣੇ ਪਾਸ ਕੁਝ ਚੁਣਵੇਂ ਸਿੰਘਾਂ ਨੂੰ ਚੋਰੀ ਸੱਦ ਕੇ ਪੁੱਛ ਲਿਆ ਕਰਦਾ ਸੀ। ਮਨੋਂ ਇਸ ਰਾਜੇ ਦੀ ਸ਼ਰਧਾ ਮਰਦੇ ਦਮ ਤਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ 'ਤੇ ਹੀ ਬਣੀ ਰਹੀ। ਗੁਰੂ ਘਰ ਪ੍ਰਤੀ ਸ਼ਰਧਾ ਭਾਵਨਾ ਦਾ ਹੀ ਕਾਰਣ ਸੀ ਕਿ ਜਦੋਂ ਅਸੀਂ ਨਾਭਾ ਅਤੇ ਪਟਿਆਲਾ ਰਿਆਸਤ ਦੇ ਮਗਰਲੇ ਰਾਜਿਆਂ ਦੀਆਂ ਕਾਰਵਾਈਆਂ ਦਾ ਜ਼ਿਕਰ ਕਰਦੇ ਹਾਂ ਤਾਂ ਉਹਨਾਂ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਮਿਲਦਾ ਹੈ।

ਮਹਾਰਾਜਾ ਪਟਿਆਲਾ ਭੂਪਿੰਦਰ ਸਿੰਘ ਜਿੱਥੇ ਆਪਣੀ ਅੱਯਾਸ਼ੀ ਲਈ ਦੁਨੀਆਂ ਭਰ ਵਿਚ ਬਦਨਾਮ ਸੀ, ਉਥੇ ਉਸੇ ਦਾ ਸਮਕਾਲੀ, ਮਹਾਰਾਜਾ ਹੀਰਾ ਸਿੰਘ ਦਾ ਪੁੱਤਰ ਮਹਾਰਾਜਾ ਰਿਪੁਦਮਨ ਸਿੰਘ ਆਪਣੀ ਦੇਸ਼ ਭਗਤੀ ਲਈ ਪ੍ਰਸਿੱਧ ਸੀ। ਪੰਜਾਬ ਤਾਂ ਕੀ ਸ਼ਾਇਦ ਸਾਰੇ ਭਾਰਤ ਦੀਆਂ ਇਸ ਸਮੇਂ ਦੇ ਰਾਜਿਆਂ ਰਾਜਕੁਮਾਰਾਂ ਵਿਚੋਂ ਉਸ ਨੂੰ ਹੀ ਦੇਸ਼ ਭਗਤ ਰਾਜਕੁਮਾਰ' (ਪੈਟਿਰਿਓਟ ਪ੍ਰਿੰਸ) ਦੀ ਲੋਕਾਂ ਵਲੋਂ ਉਪਾਧੀ ਦਿੱਤੀ ਗਈ ਸੀ। ਉਸ ਦਾ ਬਾਦ ਦਾ ਜੀਵਨ ਜਦੋਂ ਉਸਨੂੰ ਪੰਜਾਬ ਵਿਚ ਸਰਕਾਰ ਵਿਰੋਧੀ ਤਾਕਤਾਂ ਨਾਲ ਮੇਲ ਗੇਲ ਰੱਖਣ ਸਦਕਾ, ਗੱਦੀਓਂ ਲਾਹ ਕੇ ਕੋਡਾਈ ਕਨਾਲ (ਮਦਰਾਸ ਪ੍ਰਾਂਤ) ਵਿਚ ਨਜ਼ਰਬੰਦ ਕੀਤਾ ਗਿਆ ਸੀ, ਇਸੇ ਗੱਲ ਦੀ ਸਾਖੀ ਭਰਦਾ ਹੈ ਕਿ ਉਸ ਦੀਆਂ ਰਗਾਂ ਵਿਚ ਇਕ ਪੁਰਾਣੇ ਕੂਕੇ ਹੀਰਾ ਸਿੰਘ ਦਾ ਖ਼ੂਨ ਵਹਿੰਦਾ ਸੀ ਜੋ ਆਪਣੇ ਦੇਸ਼ ਅਤੇ ਲੋਕਾਂ ਪ੍ਰਤੀ ਬੇਮੁੱਖ ਨਹੀਂ ਸੀ ਹੋਇਆ। ਜਦੋਂ ਰਿਪੁਦਮਨ ਸਿੰਘ ਗੱਦੀ 'ਤੇ ਬੈਠਾ ਤਾਂ ਉਸਨੂੰ ਆਪਣੀ ਮਾਤਾ ਤੋਂ ਪਤਾ ਲੱਗਾ ਕਿ ਉਸਦਾ ਪਿਤਾ ਮਹਾਰਾਜਾ ਹੀਰਾ ਸਿੰਘ ਨਾਮਧਾਰੀ ਪੰਥ 'ਤੇ ਭਰੋਸਾ ਰੱਖਣ ਵਾਲਾ ਸੀ। ਉਸ ਨੇ ਆਪਣੀ ਮਾਤਾ ਨਾਲ ਸਲਾਹ ਕਰਕੇ ਕੂਕਿਆਂ ਦੇ ਇਕ ਦੋ ਸਿਆਣੇ ਸਰੀਰ ਆਪਣੇ ਰਾਜ ਦਰਬਾਰ ਵਿਚ ਰੱਖਣ ਦੀ ਇੱਛਿਆ ਪ੍ਰਗਟਾਈ ਜੋ ਉਸਨੂੰ ਸਮੇਂ ਸਮੇਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀਆਂ ਸਿਖਿਆਵਾਂ ਬਾਰੇ ਦੱਸਦੇ ਰਹਿਣ। ਉਸ ਦੀ ਮਾਤਾ ਹੀਰਾ ਸਿੰਘ ਦੀ ਵਿਧਵਾ ਮਹਾਰਾਣੀ ਨੇ ਇਸ ਮਤਲਬ ਦਾ ਇਕ ਸੁਨੇਹਾ ਗੁਪਤ ਰੂਪ ਵਿਚ ਸ੍ਰੀ ਭੈਣੀ ਸਾਹਿਬ ਮਾਈ ਜਿਊਣ ਕੌਰ ਜੀ ਪਾਸ ਭੇਜ ਦਿਤਾ। ਅਹਿਲਕਾਰ ਜੋ ਇਹ ਸੁਨੇਹਾ ਲੈ ਕੇ ਆਇਆ ਸੀ ਉਸਦੀ ਬੇਨਤੀ ਤੇ ਮਾਈ ਜੀ ਨੇ ਮਹਾਰਾਣੀ ਅਤੇ ਰਾਜ ਦਰਬਾਰ ਦੀਆਂ ਹੋਰ ਬੀਬੀਆਂ ਨੂੰ ਗੁਰਬਾਣੀ ਵਿਚਾਰ ਅਤੇ ਸੱਤ ਮਾਰਗ ਦੀ ਸਿੱਖਿਆ ਦੇਣ ਲਈ ਪੰਥ ਦੀ ਪ੍ਰਸਿੱਧ ਇਸਤਰੀ ਪ੍ਰਚਾਰਕ ਮਾਈ ਹੁਕਮੀ ਵਰਿਆਂਹ (ਅੰਮ੍ਰਿਤਸਰ) ਵਾਲੀ ਨੂੰ ਇਕ ਦੋ ਸਰੀਰਾਂ ਸਮੇਤ ਨਾਭੇ ਭੇਜ ਦਿਤਾ। ਭਾਈ ਸੰਤੋਖ ਸਿੰਘ ਬਾਹੋਵਾਲ ਮੁਤਾਬਿਕ ਮਹਾਰਾਜਾ ਹੀਰਾ ਸਿੰਘ ਹੀ ਸੂਬਾ ਹੁਕਮੀ ਨੂੰ ਸ੍ਰੀ ਭੈਣੀ ਸਾਹਿਬੋਂ ਆਪਣੇ ਪਾਸ ਨਾਭੇ ਲੈ ਗਿਆ ਸੀ ਜਿੱਥੇ ਉਹਨਾਂ ਨੇ 40-50 ਹੋਰ ਨਾਮਧਾਰੀ ਪਰਿਵਾਰ ਵੀ ਆਪਣੇ ਪਾਸ ਨਾਭੇ ਬੁਲਾ ਕੇ ਇਕ ਧਰਮ ਸਿੰਘ ਸੰਭੜਿਆਲ (ਸਿਆਲਕੋਟ) ਦੇ ਨਾਮਧਾਰੀ ਨੂੰ ਨਾਜਮ ਵੀ ਨਿਯੁਕਤ ਕਰਵਾ ਦਿੱਤਾ ਸੀ। ਨਾਭੇ ਵਿਚ 'ਹੀਰਾ ਮਹੱਲ' ਦੇ ਪਾਸ ਹੀ ਮਾਈ ਹੁਕਮੀ ਨੂੰ ਨਿਵਾਸ ਵਾਸਤੇ ਇਕ ਕੋਠੀ ਦੇ ਦਿਤੀ ਗਈ।

ਇਕ ਦਿਨ ਮਹਾਰਾਜ ਰਿਪੁਦਮਨ ਸਿੰਘ ਨੇ ਮਾਈ ਹੁਕਮੀ ਨੂੰ ਮਹਿਲਾਂ ਵਿਚ ਆ ਕੇ ਉਸਨੂੰ ਅਤੇ ਬਾਕੀ ਸ਼ਾਹੀ ਘਰਾਣੇ ਨੂੰ ਰੋਜ਼ਾਨਾ ਕਥਾ ਸੁਨਾਉਣ ਦੀ ਬੇਨਤੀ ਕੀਤੀ। ਮਾਈ ਜੀ ਨੇ ਕਦੇ ਸੂਰਜ ਪ੍ਰਕਾਸ਼, ਕਦੇ ਸੌ ਸਾਖੀ, ਕਦੇ ਜਨਮ ਸਾਖੀ ਗੁਰੂ ਨਾਨਕ ਦੇਵ ਜੀ ਆਦਿ ਗ੍ਰੰਥਾਂ ਦੀ ਕਥਾ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਬਚਨ ਸੁਨਾਉਣੇ ਸ਼ੁਰੂ ਕਰ ਦਿਤੇ। ਇਕ ਦਿਨ ਰਾਜੇ ਨੇ ਮਾਈ ਜੀ ਨੂੰ ਅਰਜ਼ ਕੀਤੀ ਕਿ ਮੇਰੇ ਲੜਕੀਆਂ ਹੀ ਹਨ ਇਕ ਲੜਕੇ ਦੀ ਦਾਤ ਵੀ ਬਖਸ਼ੋ। ਮਾਈ ਜੀ ਨੇ ਆਖਿਆ ਕਿ ਸਤਿਗੁਰਾਂ ਨੂੰ ਅਰਜ਼ ਕਰਕੇ ਪੁੱਛਾਂਗੇ, ਜੋ ਹੁਕਮ ਹੋਏਗਾ ਤੁਹਾਨੂੰ ਦੱਸ ਦਿਆਂਗੇ। ਰਾਤ ਜਦੋਂ ਆਪਣੇ ਡੇਰੇ ਵਿਚ ਬਰਾਜੇ ਤਾਂ ਗੁਰੂ ਰਾਮ ਸਿੰਘ ਜੀ ਨੂੰ ਅਰਜ਼ ਕੀਤੀ ਕਿ ਆਪਣੇ ਸੇਵਕ ਰਾਜੇ ਨੂੰ ਪੁੱਤਰ ਬਖਸ਼ੋ। ਸਵੇਰੇ ਮਾਈ ਜੀ ਨੂੰ ਹੁਕਮ ਹੋਇਆ ਕਿ ਰਾਜੇ ਨੂੰ ਆਖ ਦਿਓ ਪੁੱਤਰ ਹੋਏਗਾ।

ਅਗਲੇ ਭਲਕ ਕਥਾ ਵਿਚ ਮਾਈ ਹੁਕਮੀ ਨੇ ਮਹਾਰਾਜੇ ਨੂੰ ਕਿਹਾ ਕਿ ਰਾਜਾ ਸਾਹਿਬ ਘਾਬਰਣ ਦੀ ਕੋਈ ਲੋੜ ਨਹੀਂ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਤੁਹਾਨੂੰ ਇਕ ਪੁੱਤਰ ਬਖਸ਼ ਦਿਤਾ ਹੈ।

**ਚਲਦਾ...**

## The popular Apps that are SPYING on you: Cybersecurity experts issue urgent warning over 'data hungry' apps that can access your location, microphone and data

**Jonathan Chadwick**

They're some of the biggest apps in the world, used by hundreds of millions of people every day. But according to a new investigation, 'data hungry' smart phone apps like **Facebook** and **Instagram** ask for 'shocking' levels of access to your personal data. Experts at consumer champion Which? investigated 20 popular apps across social media, online shopping, fitness and smart home categories. They found all of them ask for 'risky' permissions such as access to your location, microphone, and files on your device – even when they don't need to.

The experts urge people to be more careful about what exactly we agree to when we download an app and mindlessly agree to permissions. We could be compromising our privacy when we hastily tap 'agree'.'Millions of us rely on apps each day to help with everything from keeping on top of our health and fitness to doing online shopping,' said Harry Rose, editor of Which?'While many of these apps appear to be free to use, our research has shown how users are in fact paying with their data – often in scarily vast quantities.'

**Among social media apps, Facebook, owned by Meta, was arguably the most keen for user data - it wanted the highest number of permissions (69 in total, of which 6 are considered 'risky'WhatsApp, also owned by Meta, wanted 66 permissions in total, six of which are considered risky)**

Which? researchers worked with experts at cybersecurity firm Hexiosec to assess the privacy and security features of 20 popular apps on an Android handset. The list included some of the biggest names in social media (including **WhatsApp, Facebook, Instagram, TikTok**), online shopping (**Amazon, AliExpress**) the smart home (**Samsung Smart Things, Ring Doorbell**) and fitness (**Strava**). Combined, the 20 apps have been downloaded over 28 billion times worldwide – meaning the average UK adult is likely to have several of them on their phone at any given time.

If someone were to have all 20 downloaded on their device, collectively they would grant a staggering 882 permissions– potentially giving access to huge amounts of an individual's personal data.Overall, the team found Chinese app **Xiaomi Home** asked for a total of 91 permissions – more than any other app in the study – five of which are described as 'risky'. Risky permissions includethose that access your microphone, can read files on your device, or see your precise location (usually referred to as 'fine location').Such data is a valuable commodity and may allow firms to target users with 'uncannily accurate adverts'. **Samsung's Smart Things** app asked for 82 permissions (of which eight are risky), followed by **Facebook** (69 permissions, six risky) and **WhatsApp** (66 permissions, six risky).

**How to improve your app privacy**

· **Check privacy information**: Review any data collection information on the app store listing, including the permissions an app will request

· **Read the privacy policy**: You can find it either on the app store listing or company's website. If you don't want to read the whole thing then focus on the sections on data collection and sharing

· **Limit or revoke permissions**: In Apple iOS and Google Android, you can control what apps can access your data (tap Settings, and then Apps and Permissions to see what each app can access)

· **Delete**: If you aren't sure about an app, delete it - and make sure all your account data is deleted, too

**Xiaomi Home** was also one of two apps (alongside **AliExpress**) to **send data to China**, including to suspected advertising networks – although this was flagged in the privacy policy by both.**Ali Express** requested six risky permissions such as precise location, access to microphones and reading files on the device. **AliExpress** also bombarded users with a deluge of marketing emails after download (30 over the course of a month) but there searchers did not see any specific permission request from **AliExpress** to do so. **Temu**, another Chinese-owned online marketplace, also gave a heavy push to sign up to email marketing – which many users could easily agree to without realising, the experts reasoned.

Among social media apps, **Facebook** was 'the most keen for user data' as it wanted the highest number of permissions (69 in total, six of which risky), followed by **WhatsApp** (66 altogether, six of which risky). **TikTok**, mean while, asked for 41 permissions, including three risky ones, including the ability to record audio and view files on the device, while**YouTube** asked for 47 permissions, four of which were 'risky'.Overall, 16 of the 20 apps requested a permission that allows apps to create windows on top of other apps – effectively creating pop-ups on your phone, even if you opted out of the app sending notifications.Seven also wanted a permission that allows an app to start operating when you open your phone even if you haven't yet interacted with it.

In some cases there are clear uses for risky permissions– for example the likes of **WhatsApp** or **Ring Doorbell** may need microphone access in order to carry out certain functions. But other examples the need for risky permissions was less clear cut, according to Which? For example, four apps –








**AliExpress, Facebook, WhatsApp and Strava** – requested permission to see what other apps recently used or currently running.The researchers stress that the investigation was conducted on an **Android** phone and that permissions may vary on **Apple iOS** devices.

But we should all be more careful of tapping "yes" to permissions while mentally on 'autopilot' without really being aware of what we're agreeing to, Mr Rose said.'Our research underscores why it's so important to check what you're agreeing to when you download a new app,' he added.In response to the findings, **Meta** (which owns **WhatsApp, Facebook** and **Instagram**) said none of its apps run the microphone in the background or have any access to it without user involvement'.

**Meta** also said that users must 'explicitly approve' in their operating system for the app to access the microphone for the first time.A **Samsung** spokesperson said: 'All our apps, including **SmartThings**, are designed to comply with UK data protection laws and relevant guidance from the Information Commissioner's Office (ICO).'

Meanwhile, **TikTok** said that privacy and security are 'built into every product' it makes. It added: **TikTok** 'collects information that users choose to provide, along with data that supports things like app functionality, security, and overall user experience'. **Strava** said that risky permission it takes, such as precise location, allow it to 'provide the very service that our users are requesting'. It said that it has 'implemented appropriate guardrails' around how data is collected, shared, processed, and used'.

**Amazon** said that device permissions are to provide 'helpful features', such as 'the ability to visualise products in their home with their device's camera or search for products using text-to-speech'. It added: 'We also give customers clear control over personalised advertising by requesting consent when they visit our UK store and providing options to opt out or adjust preferences at any time.'

**AliExpress** claimed that the precise location permission is not used in the UK, and the microphone permission requires user consent. It added: 'We strive to create a platform where consumers can shop with confidence, knowing that their data is safeguarded in accordance with the law and our strict privacy policy. We welcome the findings from Which? as an opportunity to redouble our efforts in this area.'

**Ring** said that it doesn't 'use cookies or trackers on the Ring app for advertising' and all permission as used to 'provide user-facing features'. It added: 'We design our products and services to protect our customers' privacy and security, and to put our customers in control of their experience. We never sell their personal data, and we never stop working to keep their information safe.'

A **Temu** spokesperson said precise location permission is 'used to support completing an address based on GPS location' but it is not used in the UK market, adding that it 'handles user data in accordance with local and international regulations and in line with leading industry practices'.

.....................................................

# MURDER OF BEEF BUTCHERS BY KUKAS



**Edited by: Dr. Gurdev Singh Sidhu**
9417049417

Important disclosures will probably be made when the ManjhaKookas arrive, and there is every hope now that, not only will the Raikot murderers be brought to justice, but that the Umritsar mystery will be cleared up.A rumour of yesterday that small gangs of Kookas were proceeding towards Bhaineeis of noimportance.The fact is that when the arrest of these Kookas became known, one or more Kookas from several villages started off to give information at Bhainee. There is no reason whatever toanticipate a general rising of Kookas-- the Malwais are curs in open fight. These murders are merely the acts of a few of the more fanatical members of the tribe. I attach little importance to these stories told of the seditious language said to be preachedby Soobahs. Their declamations, and the twaddle about the visions of Goroo Gobind, coming on a white horse with several crores of Kookas, issimilar to what is occasionally heard in the pulpits of other denominations.

The Police working in this case has been admirable. Not a single person has been unnecessarily arrested. Much useless irritation to the people has thus been avoided. To the healthy co-operation of the Puttialla Ahullkars, and conjunction with our Police and trackers, the arrest of these murderers is due. It was a blunder to miss the butchers, and to mangle so many women and children. The murderers have lost the sympathies of many who might have rejoiced at the death of the butchers only. The demeanour of the people is good. Salaams to European officers are more frequent than before, and cutcherry work goes on with the same regularity. There is positively nothing to lead to the supposition that there will be even a local disturbance; but there is all over the country a feeling of irritation among the Khutrees and Sahookars at the unnecessary arrest in Umritsar of many respectable persons.

***

No. 1058-1/4 -91S, dated Lahore 27th July 1871

From – Lepel H. Griffen, Esq., Offg. Secretary to Government, Punjab.

To – The Secretary to Government of India, Home Department.

In continuation of my letter No. 91S 1058-1/4, dated 22nd July, I am desired to forward for the information of His Excellency the Viceroy and Governor-General in Council,

copy of memo dated 24th July 1871,from Mr. L Cowan,Deputy Commissioner, Ludhiana, reporting further proceedings in connection with the late murders at Raikot.

***

No. 99S,-1007-1/2, dated Lahore, 28th July 1871

From – Lepel H. Griffen, Esq., Offg. Secretary to Government, Punjab.

To – The Secretary to Government of India, Home Department.

In continuation of my letter No. 98,S, dated 27th current, I am desired to forward copies of further reports on the murders at Raikot, received under docket No. 237, dated 24th July, from the Commissioner of Ambala.

---

***Progress Report of Enquiry, No. VI, dated Bussean, 28th of July 1871.***

Trial of the case in Session's Court held at Bussean, near scene of outrage, before Mr. Mcnabb, SessionsJudge.

Prosecution nearly closed; case appears clear against the four accused Kookahs.

2. Ram Singh, (KookahGooroo) has been summoned as a witness for the defense.He arrived this morning with 36 followers (10 mounted) and is encamped near where the trial is proceeding.

3. Nothing of importance in the neighborhood to report.

Precautions have beentaken in all districts to prevent further attacks on butchers.

***

No. 1120-1/2, dated Lahore, 1st August 1871

From – Lepel H. Griffen, Esq., Offg. Secretary to Government, Punjab.

To – The Secretary to Government of India, Home Department.

In continuation of my letter No. 99-S., dated 28th July, I am desired to forward,for the information of His Excellency Governor-General in Council, copies of reports No. III and VI, on the progress of the enquiry in the case of the late outrage at Raikot.

***

**Chief Court Judgement.**

1st August 1871

The Crown,

Versus

Mustan Sing,

Goormookh Sing,

Mungal Sing,

Golab Sing.

*Charge.- Murder of Dussoundhi and Mussamat Bussan at Raikote, in the Loodiana District.*

*Case referred by Commissioner, Amballa.*

The particulars of this case are given in the judgment of the Sessions Judge, which was as follows:-

The evidence in this case as regards the history of it depends much upon the evidence of men more or less implicated in the affair. Dull Sing confesses to being one of the actual murderers: he has been offered, and has accepted, pardon under the terms of section 209, Criminal Procedure Code. Khuzan Sing knew of the crime intended and concealed the

swords afterwards. Uttur Sing and Juggut Sing, and Mussumat Ram Kour, Dull Sing's wife, knew it was going to be committed. Goormookh Sing, Ram Sing, Boota Ram and Umur Sing, must have suspected; it has not been thought advisable to proceed against any of these. Their evidence varies in several particulars, but is the same in the main, and has most evidently not been tutored by the police nor agreed upon among themselves; in fact they had hot disputes in Court over portions of Dull Sing's statements which have generally turned out to be the true ones. Whole of the above-named persons are "Kookas," except Ram Sing, and so are all the accused.

It is proved by the evidence of Dull Sing, Mussumat Ram Kour, Juggut Sing and Uttur Sing, that Dull Sing, Juggut Sing and Uttur Sing had several meetings, at which the expediency of killing cow-killers at Raikote was discussed. On the day before the day on the evening of which the murder occurred, at about 10 A. M., Uttur Sing and Juggut Sing came from their villages of Ranoi and Chouhaki, bringing Golab Sing with them. Uttar Sing admits this.

Juggut Sing says he and Golab Sing came in afterwards. On their arrival at Dull Sing's house in Cheeneewal, Mussumat Ram Kour, who is also a Kooka, went out and brought in Dull Sing, her husband, and gave them all food; after food Dull Sing went out and brought in Goormookh Sing with his sword; (No. 7) Goormookh Sing, a Kooka, admits this. After this they excepting Goormookh Sing, went to a neighbour's, Ram Sing's (not a Kooka) and Uttur Sing bought some 12 annas worth of goor, and Dull Sing borrowed a sword. Ram Sing denies the matter of the sword. Uttur Sing after this left with Juggut Sing.

At this point there is a discrepancy. Uttur Sing says he went home. Juggut Sing says he went home, but returned the following day with Ruttun Sing, Naiwalla, (a lame man) who rode on a camel, and Bhugwan Sing, and brought them to Khuzan Sing's Tukeya. He sent Khuzan Sing to fetch Dull Sing and the two went off with Dull Sing. He subsequently admits that Luchmun Sing and Beer Sing also passed through his house on the way to Cheeneewal.

I believe Dull Sing that it was the day above-mentioned (and this is supported by Uttur Sing) and that Juggut Sing on leaving the village went to a place of meeting in the jungle and brought in Ruttun Sing, Naiwalla, on his camel, and three strangers of Umritsur district, called or known by the names of Bhagwan Sing, Luchmun Sing and Beer Sing, all Kookas. Golab Sing was then called by Dull Sing and the party started, Juggut Sing going into the village (Cheeneewal) and stopping the night at Dull Sing's house. Mussumat Ram Kour states that at starting next morning he told her to expect the Pitokee men, i. e., Mustan Sing, Goormookh Sing and Mungul Sing, accused, and to send them to Boparai jungle. Juggut Sing denies this.

To return to the party starting with the camel. They consisted of Ruttun Sing,

(*Ruttun Sing is a well-known retainer or Kooka Soubha in this part of the country) who rode the camel, Dull Sing who tells the story, Goolab Sing, and the three Umritsur men. There seems to have been 8 swords on the camel, besides the three Dull Sing had. The party then went towards Boparai, where, leaving the others behind, Ruttan Sing on his camel, with Dull Sing and Bhagwan Sing went into the village, woke up Umur Sing, Kooka, and left 4 swords with him. Umur Sing admits this, but does not mention Bhugwan Sing. Dull Sing states that Ruttun Sing then left to see what the Pitokee men were doing; saying he would bring them he went along to Boparai. The party then went on apparently with three swords, Ruttun Sing having carried off the rest. They went through the jungle not far from Raikot and on to Tajpoor, where arrived about sunrise.

It was necessary to conceal their swords and to get food. Dull Sing and Beer Sing went to Boota Ram a *Saad* and asked if he might bring in the swords and the other men. Dull Sing returned and brought in the swords, and Golab Sing and Luchmun Sing, and presently Bhugwan Sing followed. About noon having eaten and drank they left, the four Umritsur men (for Golab Sing properly belonged to Umritsur) going out by the door. Dull Sing with the three swords concealed down his back under a blanket went through a hole in the back of the house into the jungle. This was entirely confirmed by Boota before the Magistrate, and he has also in this Court told the same story with this exception, that he did not know they were swords, only saw a parcel in a blanket.

**to be continued**

........................................................

## ਇੱਕ ਦਸਤਾਰ ਰੱਤ ਲਿੱਬੜੀ

ਬਸ ਅੱਡੇ ਵਿੱਚ ਫਿਰਦੀ ਪੁਲਿਸ ਤੋਂ ਅੱਖ ਬਚਾ ਮੈਂ ਕਚਹਿਰੀਆਂ ਵੱਲ ਨੂੰ ਤੁਰ ਪਿਆ। ਉੱਥੇ ਸਿਰਾਂ ਤੋਂ ਸੱਖਣੇ ਲੋਕਾਂ ਦਾ ਮੇਲਾ ਲੱਗਾ ਹੋਇਆ ਸੀ। ਮੈਨੂੰ ਇੱਕ ਸਿਰ ਦੀ ਲੋੜ ਸੀ। ਮੈਂ ਤੀਹ ਸਾਲ ਤੋਂ ਸੰਭਾਲਿਆ ਝੋਲਾ ਸੰਭਾਲੀਂ ਇੱਕ ਕੁਰਸੀ ਉੱਪਰ ਜਾ ਕੇ ਬੈਠ ਗਿਆ। ਜਿਸ ਵਕਤ ਅਦਾਲਤ ਦੀ ਕਾਰਵਾਈ ਸ਼ੁਰੂ ਹੋਈ। ਪੇਸ਼ੀ-ਦਰ-ਪੇਸ਼ੀ ਭੁਗਤਣ ਲੱਗੀ। ਵਕੀਲਾਂ ਦੀ ਬਹਿਸ ਹੋਣ ਲੱਗੀ।

"ਜੱਜ ਸਾਹਿਬ ! ਮੇਰਾ ਇੱਕ ਸਵਾਲ ਐ!" ਮੈਂ ਬਿਨਾਂ ਬਹਿਸ ਤੋਂ ਹੀ ਉੱਠ ਕੇ ਖੜ੍ਹਾ ਹੋ ਗਿਆ। ਅਦਾਲਤੀ ਕਾਰਵਾਈ ਵਿੱਚ ਵਿਘਨ ਪਿਆ ਵੇਖ ਪੁਲਿਸ ਮੇਰੇ ਵੱਲ ਨੂੰ ਭੱਜੀ। ਪਰ ਜੱਜ ਨੇ ਹੱਥ ਚੁੱਕ ਰੋਕ ਦਿੱਤੀ, "ਦੱਸੋ ਕੀ ਸਵਾਲ ਐ!"

"ਉਸ ਰਾਤ ਮੇਰੀ ਥਾਂ ਜੋ ਮਾਰਿਆ! ਉਹ ਨਿਦੋਸ਼ਾ ਕੌਣ ਸੀ..!" ਮੈਂ ਝੂਠੇ ਪੁਲਿਸ ਮੁਕਾਬਲੇ ਵਾਲਾ ਅਖ਼ਬਾਰ ਕੱਢ ਹਵਾ ਵਿੱਚ ਲਹਿਰਾਇਆ।

ਅਦਾਲਤ ਵਿੱਚ ਸੁੰਨ ਪੱਸਰ ਗਈ। ਮੈਂ ਝੋਲੇ ਵਿੱਚ ਦਸਤਾਰ ਕੱਢ ਨਿਸ਼ਾਨ ਸਾਹਿਬ ਵਾਂਗ ਲਹਿਰਾਈ, "ਜੱਜ ਸਾਹਿਬ ! ਮੈਂ ਪੁੱਛਦਾਂ ਇਹ ਰੱਤ ਲਿੱਬੜੀ ਦਸਤਾਰ ਕਿਸ ਦੀ ਐ...!!"

ਮੇਰਾ ਸਵਾਲ ਸੁਣ ਮੁਹਰਲੀ ਕਤਾਰ ਵਿੱਚ ਬੈਠਾ ਉਮਰਾਂ ਲੰਬਾ ਹਉਂਕਾ ਗੂੰਜਿਆ। ਇੱਕ ਮੇਰੀ ਉਮਰ ਦਾ ਬੰਦਾ ਉੱਠ ਕੇ ਪਿਛਾਂਹ ਨੂੰ ਝਾਕਿਆ।

"ਜਿਸ ਦੀ ਇਹ ਦਸਤਾਰ ਐ! ...ਉਹ ਮੇਰਾ ਭਾਈ ਸੀ..!" ਮੇਰੇ ਗਲ ਲੱਗ ਉਸਦੀ ਭੁੱਬ ਨਿਕਲ ਗਈ। ਮੈਂ ਜਦੋਂ ਉਸਨੂੰ ਦਸਤਾਰ ਫੜਾਉਣ ਲੱਗਾ। ਉਹ ਉਸ ਉੱਪਰ ਲੱਗੀ ਰੱਤ ਸੁੰਘਣ ਲੱਗਿਆ।

"ਨਹੀਂ!..ਇਹ ਉਹਦੀ ਨਹੀਂ। ਉਹ ਤਾਂ ਹੋਰ ਰੰਗ ਦੀ ਸੀ!" ਮੇਰੇ ਵੱਲ ਪਿੱਠ ਕਰ ਉਹ ਉਦਾਸ ਹੋ ਗਿਆ। ਮੈਂ ਝੋਲਾ ਚੁੱਕ ਇੱਕ ਹੋਰ ਰੱਤ ਲਿੱਬੜੀ ਦਸਤਾਰ ਦੀ ਤਲਾਸ਼ ਵਿੱਚ ਤੁਰ ਪਿਆ।

........................................................

# ਕਾਵਿ – ਕਿਆਰੀ

## ਆਜ਼ਾਦੀ...

ਚਿਣਗ ਲਾਈ ਆਜ਼ਾਦੀ ਦੀ ਗੁਰੂ ਗੋਬਿੰਦ,
ਏਸ ਲਈ ਸੀ ਕਾਰਜ ਮਹਾਨ ਕੀਤਾ।
ਜੋਰੂ ਜਰ ਜ਼ਮੀਨ ਦਾ ਨਹੀ ਝਗੜਾ,
ਧਰਮ ਖਾਤਰ ਸਰਬੰਸ ਕੁਰਬਾਨ ਕੀਤਾ।

ਜਾ ਕੇ ਜ਼ੁਲਮ ਹਨੇਰੀ ਨੂੰ ਆਪ ਠੱਲਿਆ,
ਜਦੋਂ ਜਾਬਰ ਨੇ ਆਣ ਵੰਗਾਰਿਆ ਸੀ।
ਜਾ ਪਿਤਾ ਨੇ ਦਿੱਲੀ ਵਿੱਚ ਸੀਸ ਦਿੱਤਾ
ਖਾਤਰ ਹਿੰਦੀਆਂ ਦੀ ਆਪਾ ਵਾਰਿਆ ਸੀ।

ਚੜ੍ਹੇ ਚਰਖੜੀ ਕੋਹਲੂਆਂ ਨਾਲ ਪੀੜੇ,
ਕਈਆਂ ਦੇਗ ਵਿੱਚ ਆਪਾ ਉਬਾਲਿਆ ਸੀ।
ਸੀਸ ਤਲੀ ਤੇ ਰੱਖ ਕੇ ਲੜੇ ਜਿਹੜੇ,
ਧਰਮ ਲਈ ਜਵਾਨੀ ਨੂੰ ਗਾਲ਼ਿਆ ਸੀ।

ਚੀਰੇ ਗਏ ਸੂਰੇ ਨਾਲ ਆਰਿਆਂ ਦੇ,
ਐਪਰ ਹਿੰਮਤਾਂ ਨਾ ਜਿੰਨ੍ਹਾ ਹਾਰੀਆਂ ਨੇ।
ਸਮਝ ਲੈਣਾ ਨਾ ਮਿਲੀ ਆਜ਼ਾਦੀ ਸੌਖੀ,
ਫੀਸਾਂ ਮਹਿੰਗੀਆਂ ਸਿਰਾਂ ਦੀਆਂ ਤਾਰੀਆਂ ਨੇ।

ਜਦੋ ਸਿੱਖਾਂ ਦੇ ਸਿਰਾਂ ਦੇ ਮੁੱਲ ਪੈਂਦੇ,
ਉਹਨਾ ਮੁਸ਼ਕਿਲਾਂ ਬਹੁਤ ਸਹਾਰੀਆਂ ਸੀ।
ਜਦੋਂ ਇੱਜਤਾਂ ਕਰਨ ਖੁਆਰ ਜਾਲਮ,
ਹੱਥੀ ਧੀਆਂ ਵੀ ਲੋਕਾਂ ਨੇ ਮਾਰੀਆਂ ਸੀ।

ਜਿਹੜੀ ਸੋਨੇ ਦੀ ਚਿੜੀ ਸੀ ਕਦੇ ਹੁੰਦੀ,
ਉਹਨਾਂ ਇੱਕ ਇੱਕ ਖੰਭ ਉਖਾੜ ਦਿੱਤਾ।
ਪਹਿਲਾਂ ਡੱਚ, ਮੰਗੋਲੀਏ, ਮੁਗਲੇ ਆਏ,
ਗੋਰੇ ਹਿੰਦ ਨੂੰ ਫੇਰ ਲਤਾੜ ਦਿੱਤਾ।

ਜਦੋਂ ਆਣ ਕੇ ਜਾਲਮ ਜਰਵਾਣਿਆਂ ਨੇ,
ਬੂਟਾ ਧਰਮ ਦਾ ਜੜ੍ਹੋਂ ਉਖਾੜਿਆ ਸੀ।
ਠੱਲ ਪਾਉਣ ਲਈ ਕਾਲੀ ਹਨੇਰੜੀ ਨੂੰ,
ਸੂਰਜ ਖ਼ਾਲਸੇ ਦਾ ਗੁਰਾਂ ਚਾੜ੍ਹਿਆ ਸੀ।

ਭੈਣੀ ਸਾਹਿਬ ਤੋਂ ਕੂਕਦੀ ਲਹਿਰ ਉੱਠੀ,
ਸੁੱਤੀ ਅਣਖ ਨੂੰ ਜਿੰਨੇ ਜਗਾ ਦਿੱਤਾ।
ਨਾ–ਮਿਲਵਰਤਣ ਦਾ ਨਾਰਾ ਲਾ ਰਾਮ ਗੁਰ ਨੇ,
ਸਾਮਰਾਜ ਦਾ ਤਖਤ ਹਿਲਾ ਦਿੱਤਾ।

ਗ਼ਦਰੀ ਬਾਬੇ, ਸਰਾਭੇ, ਕਈ ਸੋਹਣ ਭਕਨੇ।
ਬਾਹਰ ਰਹਿ ਜੋ ਦੇਸ ਲਈ ਰਹੇ ਲੜਦੇ।
ਮਦਨ ਢੀਂਗੜਾ, ਬੋਸ ਸੁਭਾਸ਼ ਵਰਗੇ,
ਜਦੋ- ਜਹਿਦ ਅਖੀਰ ਤਕ ਰਹੇ ਕਰਦੇ।

ਕਿੰਨੇ ਝੂਲ ਗਏ ਫਾਂਸੀ ਦੇ ਤਖਤਿਆਂ ਤੇ,
ਕਿੰਨੇ ਪੁੱਤ ਖਾ ਲਏ ਕਾਲੇ ਪਾਣੀਆਂ ਨੇ।
ਇੱਕ ਦੋ ਜੇ ਹੋਣ ਤਾਂ ਗੱਲ ਕਰੀਏ,
ਪੂਰ ਲੱਖਾਂ ਖਪਾਏ ਜਵਾਨੀਆਂ ਨੇ।

ਰਾਜ ਗੁਰੂ ਸੁਖਦੇਵ ਤੇ ਭਗਤ ਵਰਗੇ,
ਲੱਖਾਂ ਸੜੇ ਨੇ ਵਾਂਗ ਪ੍ਰਵਾਨਿਆਂ ਦੇ।
ਚੰਦਸ਼ੇਖਰ ਆਜ਼ਾਦ ਤੇ ਦੱਤ, ਊਧਮ,
ਪੂਰ ਖਪ ਗਏ ਵਤਨ ਦੀਵਾਨਿਆਂ ਦੇ।

ਗੱਲ ਆਣ ਮੁੱਕੇ ਇੱਕੋ ਗੱਲ ਉੱਤੇ,
ਸਮਝੋ ਲੋਕੋ ਵਡਮੁੱਲਾ ਵਰਦਾਨ ਇਹਨੂੰ,
ਮਹਿੰਗੀ ਮਿਲੀ ਆਜ਼ਾਦੀ ਸੰਭਾਲ ਲਈਏ,
ਪੁਰੇਵਾਲ ਰਲ ਦਈਏ ਸਨਮਾਨ ਇਹਨੂੰ।

**ਹਰਦੇਵ ਸਿੰਘ**

.........................................................

# ਖ਼ਬਰਨਾਮਾ

## ਪੰਜਾਬ ਸਰਕਾਰ ਦੇ ਧਿਆਨ ਜੋਗ ਮਲੇਰਕੋਟਲਾ ਸਾਕੇ ਦੇ ਨਾਮਧਾਰੀ ਸ਼ਹੀਦ ਕਟਾਰ ਸਿੰਘ ਦਾ ਨਾਮ ਪਿੰਡ ਦੇ ਸਕੂਲ ਨਾਲੋਂ ਨਾ ਹਟਾਇਆ ਜਾਵੇ

**ਸ੍ਰੀ ਭੈਣੀ ਸਾਹਿਬ, 10 ਅਗਸਤ, 2025**

ਪਾਠਕ ਜਾਣਦੇ ਹਨ ਕਿ 2007 ਵਿਚ ਕੂਕਾ ਅੰਦੋਲਨ ਦੀ 150 ਵੀਂ ਵਰ੍ਹੇ ਗੰਢ ਮਨਾਉਂਦਿਆਂ ਹੋਇਆਂ ਤੱਤਕਾਲੀਨ ਪੰਜਾਬ ਸਰਕਾਰ ਨੇ ਬਹੁਤ ਸਾਰੇ ਵਿੱਦਿਅਕ ਅਦਾਰਿਆਂ ਦੇ ਨਾਮ ਇਹਨਾਂ ਨਾਮਧਾਰੀ ਜਾਂ ਕੂਕਾ ਸ਼ਹੀਦਾਂ ਦੇ ਨਾਮ ਤੇ ਰੱਖੇ ਸਨ। ਕੂਕਾ ਅੰਦੋਲਨ ਅੰਗਰੇਜ਼ ਬਸਤੀਵਾਦੀਆਂ ਵਿਰੁੱਧ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਅਗੁਆਈ ਵਿਚ ਚੱਲਣ ਵਾਲਾ ਪਹਿਲਾ ਅੰਦੋਲਨ ਸੀ। ਕੂਕਿਆਂ ਨੇ ਬਰਤਾਨਵੀ ਸੰਸਥਾਵਾਂ ਅਤੇ ਮਾਲ ਨਾਲ ਅਸਹਿਯੋਗ ਅਤੇ ਬਾਈਕਾਟ ਕੀਤਾ ਸੀ। ਅੰਗਰੇਜ਼ ਸਰਕਾਰ ਨੇ ਸੰਪ੍ਰਦਾਇਕ ਵੰਡ ਤਿੱਖਾ ਕਰਨ ਲਈ ਬੁੱਚੜ ਖਾਨੇ ਖੁਲਵਾਏ ਸਨ। ਕੂਕਿਆਂ ਨੇ ਅੰਮ੍ਰਿਤਸਰ, ਰਾਇਕੋਟ ਅਤੇ ਮਲੇਰਕੋਟਲਾ ਦੇ ਬੁੱਚੜ ਖਾਨਿਆਂ ਤੇ ਹਮਲੇ ਕਰਕੇ ਅੰਗਰੇਜ਼ ਸਰਕਾਰ ਦੀ ਹੁਕਮ ਅਦੂਲੀ ਕੀਤੀ। ਜਿਸ ਦੇ ਨਤੀਜੇ ਵਜੋਂ ਉਹਨਾਂ ਨੂੰ ਮੌਤ ਦੀਆਂ ਸਜ਼ਾਵਾਂ ਦਿੱਤੀਆਂ ਗਈਆ।

ਸਾਕਾ ਮਲੇਰਕੋਟਲਾ ਵਿਚ 17-18 ਜਨਵਰੀ 1872 ਈ. ਨੂੰ ਮਲੇਰਕੋਟਲਾ ਦੇ ਰੱਕੜ ਵਿਚ ਡੀ.ਸੀ. ਲੁਧਿਆਣਾ ਕਾਵਨ ਦੇ ਪਹਿਲੇ ਦਿਨ ਅਤੇ ਕਮਿਸ਼ਨਰ ਫੌਰਸਿੱਥ ਦੇ ਹੁਕਮ ਨਾਲ ਦੂਜੇ ਦਿਨ 66 ਕੂਕੇ ਸ਼ਹੀਦ ਕੀਤੇ ਗਏ। ਉਹਨਾਂ ਜਿਸ ਢੰਗ ਨਾਲ ਤੋਪਾਂ ਅੱਗੇ ਖਲੋਕੇ ਸ਼ਹੀਦੀਆਂ ਪਾਈਆਂ ਉਹ ਲਾਮਿਸਾਲ ਸਾਕਾ ਹੈ। ਉਸ ਸਮੇਂ ਰਿਆਸਤ ਨਾਭਾ ਦਾ ਕਸਬਾ ਧਨੌਲਾ (ਹੁਣ ਜ਼ਿਲ੍ਹਾ ਬਰਨਾਲਾ) ਸੀ। ਇਸੇ ਕਸਬੇ ਵਿਚੋਂ 1966 ਵਿਚ ਜਵੰਧਾ ਪਿੰਡੀ ਛੋਟਾ ਜਿਹਾ ਪਿੰਡ ਮੁਰੱਬੇਬੰਦੀ ਵਿਚ ਕਟਾਇਆ ਗਿਆ। ਧਨੌਲੇ ਦੇ ਟੇਕ ਸਿੰਘ ਜ਼ਿਮੀਦਾਰ, ਜਵੰਧਾ ਗੋਤ ਦੇ ਸਪੁੱਤਰ, ਭਾਈ ਕਟਾਰ ਸਿੰਘ 17 ਜਨਵਰੀ 1872 ਨੂੰ ਇਸ ਸਾਕੇ ਵਿਚ ਸ਼ਹੀਦ ਹੋਏ ਸਨ। ਉਹਨਾਂ ਦੇ ਨਾਮ ਤੇ ਹੀ ਸਰਕਾਰੀ ਮਿਡਲ ਸਕੂਲ ਜਵੰਧਾ ਦਾ ਨਾਮ "ਨਾਮਧਾਰੀ ਸ਼ਹੀਦ ਕਟਾਰ ਸਿੰਘ, ਸਰਕਾਰੀ ਮਿਡਲ ਸਕੂਲ ਜਵੰਧਾ ਪਿੰਡੀ (ਬਰਨਾਲਾ) 2009 ਤੋਂ ਚੱਲਿਆ ਆ ਰਿਹਾ। ਇਸੇ ਪਿੰਡ ਵਿਚ ਇਸੇ ਸ਼ਹੀਦ ਦੇ ਨਾਮ ਤੇ ਯੂਥ ਸਪੋਰਟਸ ਕਲੱਬ ਵੀ ਹੈ।

ਪਤਾ ਨਹੀਂ ਕਿਹਨਾਂ ਕਾਰਨਾ ਕਰਕੇ ਬਰਨਾਲੇ ਦੇ ਮੌਜੂਦਾ ਡਿਪਟੀ ਕਮਿਸ਼ਨਰ ਨੇ ਸ਼ਹੀਦ ਦੇ ਪਿੰਡ ਵਾਸੀਆਂ ਤੋਂ ਦਸਤਾਵੇਜੀ ਸਬੂਤ ਮੰਗੇ ਹਨ। ਅੱਜ ਸਰਪੰਚ ਮਲੂਕ ਸਿੰਘ, ਇੰਦਰਜੀਤ ਸਿੰਘ ਸਾਬਕਾ ਸਰਪੰਚ, ਦਲਜੀਤ ਸਿੰਘ ਅਤੇ ਮੇਜਰ ਸਿੰਘ ਪੁੱਤਰ ਕਰਨੈਲ ਸਿੰਘ ਜਵੰਧਾ ਪਿੰਡੀ ਸ੍ਰੀ ਭੈਣੀ ਸਾਹਿਬ ਆਏ ਅਤੇ ਆਪਣੀ ਸਮੱਸਿਆ ਦੱਸੀ। ਸੁਵਰਨ ਸਿੰਘ ਵਿਰਕ ਨੇ ਨਾਹਰ ਸਿੰਘ ਐਮ.ਏ. ਦੀ ਨਾਮਧਾਰੀ ਇਤਿਹਾਸ ਅਤੇ ਸੂਬਾ ਸੁਰਿੰਦਰ ਕੌਰ ਖਰਲ ਦੀ 'ਲੁੱਕਿਆ ਸੱਚ' (ਪਟਿਆਲਾ ਦਸਤਾਵੇਜ਼) ਪੁਸਤਕਾਂ ਵਿਚੋਂ ਉਹਨਾਂ ਨੂੰ ਦਸਤਾਵੇਜ਼ੀ ਸਬੂਤ ਵਿਖਾ ਦਿੱਤੇ ਹਨ।

ਯਾਦ ਰਹੇ ਕਿ ਸ਼ਹੀਦ ਕਟਾਰ ਸਿੰਘ ਤਾਂ ਛੋਟੀ ਉਮਰ ਹੋਣ ਕਾਰਨ ਹਾਲੇ ਕੁਆਰੇ ਹੀ ਸਨ। ਉਹਨਾਂ ਦੇ ਭਤੀਜੇ ਕਿਹਰ ਸਿੰਘ ਦੇ ਬਾਬੂ ਸਿੰਘ ਅਤੇ ਸੁਰਜੀਤ ਸਿੰਘ ਦੋ ਲੜਕੇ ਅਤੇ ਤਿੰਨ ਪੁੱਤਰੀਆਂ ਸਨ ਜੋ ਬਰਨਾਲੇ, ਸੰਘੇੜੇ ਅਤੇ ਦੋਦਾ ਵਿਖੇ ਵਿਆਹੀਆਂ ਸਨ। ਸੰਘੇੜੇ ਵਾਲੀ ਬੀਬੀ ਜਿਊਂਦੀ ਹੈ।

ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ, ਪੰਜਾਬ ਸਰਕਾਰ ਤੋਂ ਮੰਗ ਕਰਦਾ ਹੈ ਕਿ ਸ਼ਹੀਦ ਕਟਾਰ ਸਿੰਘ ਦਾ ਨਾਮ, ਜਵੰਧਾ ਪਿੰਡੀ ਸਕੂਲ ਦੇ ਨਾਮ ਨਾਲੋਂ ਹਟਾਇਆ ਨਹੀਂ ਜਾਣਾ ਚਾਹੀਦਾ। ਸਗੋਂ ਇਹਨਾਂ ਕੌਮੀ ਸ਼ਹੀਦਾਂ ਦੇ ਨਾਮ ਤੇ ਨਵੀਂ ਪੀੜ੍ਹੀ ਨੂੰ ਜਾਣੂ ਕਰਵਾਉਣ ਲਈ ਅਤੇ ਦੇਸ਼ ਭਗਤੀ ਦਾ ਜ਼ਜ਼ਬਾ ਪੈਦਾ ਕਰਨ ਲਈ ਹੋਰ ਯਾਦਗਾਰਾਂ ਵੀ ਉਸਾਰੀਆਂ ਜਾਣੀਆਂ ਚਾਹੀਦੀਆਂ ਹਨ।

ਜਵੰਧਾ ਪਿੰਡੀ ਸ਼ਹੀਦ ਟੇਕ ਸਿੰਘ ਧਨੌਲਾ ਦਾ ਪਿੰਡ

ਸਰਪੰਚ ਮਲੂਕ ਸਿੰਘ ਜਵੰਧਾ ਪਿੰਡੀ (ਧਨੋਲਾ) - 98723-14941

ਸਾਬਕਾ ਸਰਪੰਚ ਇੰਦਰਜੀਤ ਸਿੰਘ ਜਵੰਧਾ ਪਿੰਡੀ-94643-96660

ਦਲਜੀਤ ਸਿੰਘ ਜਵੰਧਾ ਪਿੰਡੀ - 98762-25021

ਮੇਜਰ ਸਿੰਘ ਸਪੁੱਤਰ ਕਰਨੈਲ ਸਿੰਘ - 98771-90384

ਨਾਮਧਾਰੀ ਸ਼ਹੀਦ ਕਟਾਰ ਸਿੰਘ ਸਰਕਾਰੀ ਮਿੱਡਲ ਸਕੂਲ, ਜਵੰਧਾ ਪਿੰਡੀ (ਬਰਨਾਲਾ)

ਨਾਮਧਾਰੀ ਸ਼ਹੀਦ ਬਾਬਾ ਕਟਾਰ ਸਿੰਘ ਯੂਥ ਸਪੋਰਟਸ ਕਲੱਬ, ਜਵੰਦਾ ਪਿੰਡੀ
ਸੰਘੇੜੇ ਵਾਲੀ ਬੀਬੀ ਦਾ ਨੰਬਰ: 95921-09933

**ਸੁਵਰਨ ਸਿੰਘ ਵਿਰਕ**

.....................................................

## ਦਿੱਲੀ ਵਿੱਚ ਜਪ ਪ੍ਰਯੋਗ ਆਰੰਭ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਕਿਰਪਾ ਸਦਕਾ ਦਿੱਲੀ ਵਿਖੇ ਚਾਰ ਨਾਮਧਾਰੀ ਗੁਰਦਵਾਰਿਆਂ ਵਿਖੇ ਸਾਲਾਨਾ ਜਪ ਪ੍ਰਯੋਗ ਦੀ ਆਰੰਭਤਾ ਕੀਤੀ ਗਈ। 31 ਅਗਸਤ ਨੂੰ ਰਮੇਸ਼ ਨਗਰ, 2 ਸਤੰਬਰ ਨੂੰ ਸ਼ਾਮ ਨਗਰ, 7 ਸਤੰਬਰ ਨੂੰ ਚੰਦਰ ਵਿਹਾਰ ਅਤੇ 10 ਸਤੰਬਰ ਨੂੰ ਸਾਹਿਬ ਪੁਰਾ ਵਿਖੇ ਸ਼ੁਰੂ ਹੋਏ ਇਸ ਨਿੱਤਨੇਮ ਦੌਰਾਨ 1000-1500 ਗਿਣਤੀ ਵਿਚ ਬੱਚੇ, ਨੌਜਵਾਨ ਤੇ ਬਜ਼ੁਰਗ ਅੰਮ੍ਰਿਤ ਵੇਲੇ 4 ਤੋ 6 ਵਜੇ ਤਕ ਨਾਮ ਸਿਮਰਨ ਕਰਦੇ ਹਨ। ਰੋਜ਼ਾਨਾ 5 ਤੋ 6 ਵਜੇ ਤਕ ਸਥਾਨਕ ਜਥਿਆਂ ਵਲੋਂ ਆਸਾ ਦੀ ਵਾਰ ਦਾ ਕੀਰਤਨ ਕੀਤਾ ਜਾਂਦਾ ਹੈ। ਨਾਮ ਸਿਮਰਨ ਦੇ ਇਸ ਕੁੰਭ ਵਿਚ ਲੰਗਰ ਪਕਾਉਣ, ਸਾਫ ਸਫਾਈ, ਭਾਂਡੇ ਮਾਂਜ ਵਰਗੀਆਂ ਸੇਵਾਵਾਂ ਵੀ ਸਾਧ ਸੰਗਤ ਵਲੋਂ ਬੜੇ ਉਤਸ਼ਾਹ ਨਾਲ ਨਿਭਾਂਈਆਂ ਜਾ ਰਹੀਆਂ ਹਨ। ਇਹ ਸਾਰਾ ਪ੍ਰਵਾਹ ਲਗਾਤਾਰ ਇਕ ਮਹੀਨਾ ਚਲਦਾ ਰਹੇਗਾ।

**ਜਥੇ. ਨਿਸ਼ਾਨ ਸਿੰਘ ਦਿੱਲੀ**

.....................................................

## ਸੂਬਾ ਸੁਖਦੇਵ ਸਿੰਘ ਜੀ ਦੀ ਯਾਦ 'ਚ ਸਮਾਗਮ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਿਵਾਜਿਸ਼ ਦੇ ਪਾਤਰ ਦਿੱਲੀ ਦੇ ਸੂਬਾ ਸੁਖਦੇਵ ਸਿੰਘ ਜੀ ਦੀ ਯਾਦ ਵਿੱਚ 7 ਸਤੰਬਰ 2025 ਨੂੰ ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ ਵਿਖੇ ਸਮਾਗਮ ਕਰਵਾਇਆ ਗਿਆ। ਸਵੇਰੇ ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ ਤਬਲਾ ਦੇ ਨਾਲ ਦਿੱਲੀ ਦੇ ਸਥਾਨਕ ਜਥੇ ਨੇ ਮਿਲ ਕੇ ਕੀਤਾ। ਅੱਧੇ ਘੰਟੇ ਲਈ ਸੰਤ ਨਿਸ਼ਾਨ ਸਿੰਘ ਜੀ ਨੇ ਕਥਾ ਕਰਦਿਆਂ ਸੂਬਾ ਜੀ ਦੇ ਜੀਵਨ ਦੇ ਕਈ ਪੱਖਾਂ ਨੂੰ ਉਜਾਗਰ ਕੀਤਾ। ਸੂਬਾ ਜੀ ਸਾਧ ਸੰਗਤ ਲਈ ਇਕ ਪ੍ਰੇਰਨਾ ਸਰੋਤ ਸਨ। ਉਹਨਾਂ ਦੁਆਰਾ ਨਿਸ਼ਕਾਮ ਤੇ ਨਿਰਮਾਣ ਹੋਕੇ ਕੀਤੀਆਂ ਗਈਆਂ ਸੇਵਾਵਾਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਸਪੁੱਤਰ ਸੁਲੱਖਣ ਸਿੰਘ ਤੇ ਸਪੁੱਤਰੀ ਕਮਲ ਕੌਰ ਵਲੋਂ ਆਈ ਸਾਧ ਸੰਗਤ ਦਾ ਧੰਨਵਾਦ ਕੀਤਾ ਗਿਆ ਤੇ ਸਭ ਨੂੰ ਲੰਗਰ ਛਕਾਇਆ ਗਿਆ।

**ਜਥੇ. ਨਿਸ਼ਾਨ ਸਿੰਘ ਦਿੱਲੀ**

.....................................................

## ਸੂਬਾ ਮੋਹਕਮ ਸਿੰਘ ਜੀ ਨਹੀਂ ਰਹੇ

ਸੂਬਾ ਮੋਹਕਮ ਸਿੰਘ 1 ਸਤੰਬਰ 2025 ਨੂੰ ਇਸ ਆਸਾਰ ਮਾਤ ਲੋਕ ਨੂੰ ਅਲਵਿਦਾ ਆਖ ਗਏ। ਸੂਬਾ ਜੀ ਦਾ ਜਨਮ 1957 ਈ. ਨੂੰ ਟਕਸਾਲੀ ਨਾਮਧਾਰੀ ਪਰਿਵਾਰ ਵਿਚ ਹੋਇਆ। ਸੂਬਾ ਜੀ ਦੇ ਪਿਤਾ ਵਿਰਸਾ ਸਿੰਘ ਸਾਧੂ ਬਿਰਤੀ ਦੇ ਵਿਅਕਤੀ ਸਨ। ਬਚਪਨ ਵਿੱਚ ਗੁਰਬਾਣੀ ਅਤੇ ਨਾਮ ਦੀ ਚੇਟਕ ਲੱਗੀ। ਸੂਬਾ ਜੀ ਗੁਰਬਾਣੀ ਦੇ ਰਸੀਏ ਅਤੇ ਵਿਦਵਾਨ ਪਾਠੀ ਸਨ ਅਤੇ ਦੀਵਾਨ ਵੀ ਬਹੁਤ ਬੇਹਤਰੀਨ ਢੰਗ ਨਾਲ ਲਗਾਉਂਦੇ ਅਤੇ ਪ੍ਰਚਾਰ ਕਰਦੇ ਸਨ। ਸੰਨ 2000 ਵਿਚ ਸਤਿਗੁਰੂ ਜੀ ਕਿਰਪਾ ਕਰਕੇ ਸੂਬਾ ਪੱਦਵੀ ਨਾਲ ਨਿਵਾਜ਼ਿਆ। ਸੂਬਾ ਜੀ ਲੰਮਾ ਸਮਾਂ ਅੰਮ੍ਰਿਤਸਰ ਸਾਹਿਬ ਰਹੇ ਅਤੇ ਆੜ੍ਹਤ ਕਰਦੇ ਰਹੇ। ਪਿਛਲੇ ਕੁਝ ਸਾਲਾਂ ਤੋਂ ਸ੍ਰੀ ਭੈਣੀ ਸਾਹਿਬ ਹੀ ਰਹਿ ਰਹੇ ਸਨ। ਹੱਥੀਂ ਕਿਰਤ ਕਰਨ ਵਿਚ ਉਦਮੀ ਸਨ। ਦੁੱਧ ਦਾ ਕਾਰੋਬਾਰ ਜਦੋਂ ਤੋਂ ਸ੍ਰੀ ਭੈਣੀ ਸਾਹਿਬ ਆਏ ਕਰਦੇ ਸਨ ਅਤੇ ਨਾਲ ਹੀ ਪੰਥ ਪ੍ਰਚਾਰ ਵੀ ਬੜੀ ਸੁਹਿਰਦਤਾ ਨਾਲ ਕਰਦੇ ਰਹੇ। ਦੋ ਕੁ ਮਹੀਨੇ ਪਹਿਲਾਂ ਸਿਹਤ ਖ਼ਰਾਬ ਹੋਣ ਕਰਕੇ ਕੌਮਾ ਵਿਚ ਚਲੇ ਗਏ ਅਤੇ 1 ਸਤੰਬਰ ਨੂੰ ਆਖਰੀ ਸਵਾਸ ਲਏ। ਸੂਬਾ ਜੀ ਦੀ ਯਾਦ ਵਿਚ ਪਾਠਾਂ ਦੇ ਭੋਗ 21 ਸਤੰਬਰ ਨੂੰ ਸਤਿਗੁਰੂ ਦੀ ਹਜ਼ੂਰੀ ਵਿਚ ਪੈਣਗੇ।



**ਸਹਿ ਸੰਪਾਦਕ**

.....................................................

ਰਮੇਸ਼ ਨਗਰ ਗੁਰਦੁਆਰੇ ਜਪ ਪ੍ਰਯੋਗ ਦੌਰਾਨ ਸੂਬਾ ਸੁਖਦੇਵ ਸਿੰਘ ਜੀ ਦੀ ਯਾਦ ਵਿਚ ਮੇਲਾ ਮਨਾਇਆ ਗਿਆ,
ਸੰਤ ਨਿਸ਼ਾਨ ਸਿੰਘ ਜੀ ਨੇ ਕਥਾ ਕੀਤੀ ਰਾਗੀ ਬਲਵੰਤ ਸਿੰਘ ਅਤੇ ਹਰਪ੍ਰੀਤ ਸਿੰਘ ਦੇ ਜਥੇ ਨੇ
ਆਸਾ ਦੀ ਵਾਰ ਦਾ ਕੀਰਤਨ ਕੀਤਾ।









Date of Publication: 21 Septeber 2025
Date of Posting: 23 Septeber 2025

RNI NO.55658/93
LDM/008/2021-2023

## ਸ਼੍ਰੀ ਸਤਿਗੁਰੂ ਜੀ ਗੁਰਦਵਾਰਾ ਸੋਇ ਅਸੋਕ ਬੰਕੌਕ (ਥਾਈਲੈਂਡ) ਦੀ ਨਵੀਂ ਇਮਾਰਤ ਦਾ ਨੀਂਹ ਪੱਥਰ ਰੱਖਦੇ ਹੋਏ।

ਮਿਤੀ: 09.09.2025








Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi- 110015.